@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 2 February 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 2 ਫਰਵਰੀ 2025, 18 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 83, qpatrika@gmail.com ਫੋਨ : 9971359517 www.qaumipatrika.org

ਵਿੱਤ ਮੰਤਰੀ ਨੇ ਖੋਲ੍ਹਿਆ ਬਜਟ ਦਾ ਪਿਟਾਰਾ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 1 ਫਰਵਰੀ। ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਅੱਜ ਲਗਾਤਾਰ ਅੱਠਵਾਂ ਬਜਟ ਪੇਸ ਕਰਨਗੇ। ਉਹ ਸਵੇਰੇ 8:45 'ਤੇ ਆਪਣੀ ਰਿਹਾਇਸ ਤੋਂ ਵਿੱਤ ਮੰਤਰਾਲੇ ਪਹੁੰਚੀ। ਅੱਧਾ ਘੰਟਾ ਮੰਤਰਾਲੇ ਵਿੱਚ ਰੁਕਣ ਤੋਂ ਬਾਅਦ ਉਹ ਰਾਸਟਰਪਤੀ ਭਵਨ ਚਲੇ ਗਏ। ਉੱਥੇ ਬਜਟ ਦੀ ਇੱਕ ਕਾਪੀ ਰਾਸਟਰਪਤੀ ਦ੍ਰੋਪਦੀ ਮੁਰਮੂ ਨੂੰ ਸੌਂਪੀ ਗਈ। ਇਸ ਬਜਟ 'ਚ ਵਿੱਤ ਮੰਤਰੀ ਨੇ ਸਭ ਤੋਂ ਵੱਡਾ ਐਲਾਨ ਕੀਤਾ ਹੈ। ਹੁਣ 12 ਲੱਖ ਰੁਪਏ ਸਾਲਾਨਾ ਤੱਕ ਦੀ ਕਮਾਈ ਕਰਨ ਵਾਲਿਆਂ ਨੂੰ ਕੋਈ ਟੈਕਸ ਨਹੀਂ ਦੇਣਾ ਪਵੇਗਾ। ਭਾਰਤ ਦੇ ਫੁਟਵੀਅਰ ਅਤੇ ਚਮੜੇ ਦੇ ਖੇਤਰ ਦੀ ਉਤਪਾਦਕਤਾ, ਗੁਣਵੱਤਾ ਅਤੇ ਮੁਕਾਬਲੇਬਾਜੀ ਨੂੰ ਵਧਾਉਣ ਲਈ ਫੋਕਸ ਉਤਪਾਦ ਯੋਜਨਾ ਲਾਗੂ ਕੀਤੀ ਜਾਵੇਗੀ। ਚਮੜੇ ਦੇ ਜੁੱਤੀਆਂ ਅਤੇ ਉਤਪਾਦਾਂ ਲਈ ਸਹਾਇਤਾ ਤੋਂ ਇਲਾਵਾ, ਇਹ ਸਕੀਮ ਗੁਣਵੱਤਾ ਵਾਲੇ ਗੈਰ-ਚਮੜੇ ਦੇ ਜੁੱਤੇ ਦੇ ਉਤਪਾਦਨ ਲਈ ਲੋੜੀਂਦੀ ਡਿਜਾਈਨ ਸਮਰੱਥਾ, ਕੰਪੋਨੈਂਟ ਨਿਰਮਾਣ ਅਤੇ ਮਸੀਨਰੀ ਲਈ ਵੀ ਸਹਾਇਤਾ ਪ੍ਰਦਾਨ ਕਰੇਗੀ। ਇਸ ਸਕੀਮ ਨਾਲ 22 ਲੱਖ ਵਿਅਕਤੀਆਂ ਨੂੰ ਰੁਜਗਾਰ ਮੁਹੱਈਆ ਕਰਵਾਉਣ, 4 ਲੱਖ ਕਰੋੜ ਰੁਪਏ ਦਾ ਕਾਰੋਬਾਰ

ਅਤੇ 1.1 ਲੱਖ ਕਰੋੜ ਰੁਪਏ ਤੋਂ ਵੱਧ ਦਾ ਨਿਰਯਾਤ ਹੋਣ ਦੀ ਉਮੀਦ ਹੈ। ਕੈਂਸਰ ਦੀਆਂ ਦਵਾਈਆਂ ਸਸਤੀਆਂ ਹੋਣਗੀਆਂ, ਪਿਛਲੇ 4 ਸਾਲਾਂ ਦੇ ਰਿਟਰਨ ਇਕੱਠੇ ਭਰਨਗੇ। ਸੀਨੀਅਰ ਨਾਗਰਿਕਾਂ ਲਈ ਟੀਡੀਐਸ ਸੀਮਾ 50 ਹਜਾਰ ਰੁਪਏ ਤੋਂ ਵਧਾ ਕੇ 1 ਲੱਖ ਰੁਪਏ ਕਰ ਦਿੱਤੀ ਗਈ ਹੈ। ਇਨਕਮ ਟੈਕਸ ਭਰਨ ਦੀ ਸੀਮਾ 2 ਸਾਲ ਤੋਂ ਵਧਾ ਕੇ 4 ਸਾਲ ਕਰ ਦਿੱਤੀ ਗਈ ਹੈ। 120 ਹਵਾਈ ਅੱਡਿਆਂ ਲਈ ਉਡਾਣ ਯੋਜਨਾ ਦਾ ਐਲਾਨ ਕੀਤਾ ਗਿਆ ਹੈ ਨਿਰਯਾਤ ਵਧਾਉਣ ਲਈ ਨਿਰਯਾਤ ਪ੍ਰਮੋਸਨ ਮਿਸਨ ਦੀ ਸਥਾਪਨਾ ਕੀਤੀ ਜਾਵੇਗੀ ਭਾਰਤ ਵਿੱਚ ਤਹਿਤ ਵੀਜਾ ਨਿਯਮਾਂ ਵਿੱਚ ਰਾਹਤ ਦਿੱਤੀ ਜਾਵੇਗੀ ਨਵਾਂ ਟੈਕਸ ਬਿੱਲ ਅਗਲੇ ਹਫਤੇ ਆਵੇਗਾ ਬੀਮੇ ਵਿੱਚ 100 ਪ੍ਰਤੀਸਤ ਐਫਡੀਆਈ ਦਾ ਐਲਾਨ ਸਕਸਮ ਆਂਗਣਵਾੜੀ ਰਾਹੀਂ 8 ਕਰੋੜ ਬੱਚਿਆਂ ਅਤੇ 1 ਕਰੋੜ ਗਰਭਵਤੀ ਔਰਤਾਂ ਨੂੰ ਪੋਸਣ ਸੰਬੰਧੀ ਸਹਾਇਤਾ ਕਪਾਹ ਉਤਪਾਦਨ ਵਧਾਉਣ ਦਾ 5 ਸਾਲਾ ਮਿਸਨ, ਇਸ ਨਾਲ ਦੇਸ ਦੀ ਟੈਕਸਟਾਈਲ ਇੰਡਸਟਰੀ ਮਜਬੂਤ ਹੋਵੇਗੀ। ਕਿਸਾਨ ਕ੍ਰੈਡਿਟ ਕਾਰਡ 'ਤੇ ਲੋਨ ਦੀ ਸੀਮਾ 3 ਲੱਖ ਰੁਪਏ ਤੋਂ ਵਧਾ ਕੇ 5 ਲੱਖ ਰੁਪਏ ਕੀਤੀ ਜਾਵੇਗੀ। ਬਿਹਾਰ 'ਚ ਮਖਾਨਾ ਬੋਰਡ ਬਣੇਗਾ, ਛੋਟੇ ਕਿਸਾਨਾਂ ਅਤੇ ਵਪਾਰੀਆਂ ਨੂੰ ਇਸ ਦਾ ਫਾਇਦਾ ਹੋਵੇਗਾ। ਛੋਟੇ ਉਦਯੋਗਾਂ ਲਈ ਵਿਸੇਸ ਕ੍ਰੈਡਿਟ ਕਾਰਡ, ਪਹਿਲੇ ਸਾਲ 10 ਲੱਖ ਕਾਰਡ ਜਾਰੀ ਕੀਤੇ ਜਾਣਗੇ। ਲਈ ਲੋਨ ਗਾਰੰਟੀ ਕਵਰ 5 ਕਰੋੜ ਰੁਪਏ ਤੋਂ ਵਧਾ ਕੇ 10 ਕਰੋੜ ਰੁਪਏ ਕੀਤਾ ਜਾਵੇਗਾ, 1.5 ਲੱਖ ਕਰੋੜ ਰੁਪਏ ਤੱਕ ਦੇ ਕਰਜੇ ਉਪਲਬਧ ਹੋਣਗੇ। ਸਟਾਰਟਅੱਪਸ ਲਈ ਕਰਜਾ 10 ਕਰੋੜ ਰੁਪਏ ਤੋਂ ਵਧਾ ਕੇ 20 ਕਰੋੜ ਰੁਪਏ ਕੀਤਾ ਜਾਵੇਗਾ। ਗਾਰੰਟੀ ਫੀਸ ਵਿੱਚ ਵੀ ਕਟੌਤੀ ਹੋਵੇਗੀ। ਮੇਕ ਇਨ ਇੰਡੀਆ ਤਹਿਤ ਖਿਡੌਣਾ ਉਦਯੋਗ ਲਈ ਵਿਸੇਸ ਯੋਜਨਾ ਸ਼ੁਰੂ ਕੀਤੀ ਜਾਵੇਗੀ। 23 ਆਈਆਈਟੀ ਵਿੱਚ ਮੌਜੂਦ 1.35 ਲੱਖ ਵਿਦਿਆਰਥੀ - ਆਈਆਈਟੀ ਪਟਨਾ ਦਾ ਵਿਸਤਾਰ ਕੀਤਾ ਜਾਵੇਗਾ। ਏਆਈ ਲਈ ਆਰਟੀਫੀਸੀਅਲ ਇੰਟੈਲੀਜੈਂਸ ਵਿੱਚ ਉੱਤਮਤਾ ਲਈ 500 ਕਰੋੜ ਰੁਪਏ ਦਾ ਐਲਾਨ। ਅਗਲੇ 5 ਸਾਲਾਂ 'ਚ ਮੈਡੀਕਲ ਸਿੱਖਿਆ 'ਚ 75 ਹਜਾਰ ਸੀਟਾਂ ਵਧਾਉਣ ਦਾ ਐਲਾਨ ਔਨਲਾਈਨ ਪਲੇਟਫਾਰਮ ਵਰਕਰਾਂ ਦੀ ਭਲਾਈ ਲਈ ਸਮਾਜਿਕ ਸੁਰੱਖਿਆ ਯੋਜਨਾ ਔਨਲਾਈਨ ਪਲੇਟਫਾਰਮਾਂ 'ਤੇ ਗਿਗ ਵਰਕਰ ਨਵੇਂ ਯੁੱਗ ਦੀ ਸੇਵਾ ਅਰਥਵਿਵਸਥਾ ਵਿੱਚ ਮਹੱਤਵਪੂਰਣ ਗਤੀਸੀਲਤਾ ਪ੍ਰਦਾਨ ਕਰਦੇ ਹਨ। ਉਨ੍ਹਾਂ ਦੇ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ, ਸਾਡੀ ਸਰਕਾਰ ਈ-ਸ਼੍ਰਮ ਪੋਰਟਲ 'ਤੇ ਉਨ੍ਹਾਂ ਦੇ ਪਛਾਣ ਪੱਤਰ ਅਤੇ ਰਜਿਸਟ੍ਰੇਸਨ ਦੀ ਵਿਵਸਥਾ ਕਰੇਗੀ। ਉਨ੍ਹਾਂ ਨੂੰ ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ ਦੇ ਤਹਿਤ ਸਿਹਤ ਸੰਭਾਲ ਪ੍ਰਦਾਨ ਕੀਤੀ ਜਾਵੇਗੀ। ਇਸ ਉਪਾਅ ਨਾਲ ਲਗਭਗ 1 ਕਰੋੜ ਕਰਮਚਾਰੀਆਂ ਨੂੰ ਸਹਾਇਤਾ ਮਿਲਣ ਦੀ ਉਮੀਦ ਹੈ। ਯੂਰੀਆ ਉਤਪਾਦਨ ਵਿੱਚ ਸਵੈ-ਨਿਰਭਰਤਾ ਲਈ, ਸਾਡੀ ਸਰਕਾਰ ਨੇ ਪੂਰਬੀ ਖੇਤਰ ਵਿੱਚ ਤਿੰਨ ਵਿਹਲੇ ਯੂਰੀਆ ਪਲਾਂਟਾਂ ਵਿੱਚ ਉਤਪਾਦਨ ਮੁੜ ਸ਼ੁਰੂ ਕੀਤਾ ਹੈ। ਯੂਰੀਆ ਦੀ ਸਪਲਾਈ ਨੂੰ ਹੋਰ ਵਧਾਉਣ ਲਈ, 12.7 ਲੱਖ ਮੀਟ੍ਰਿਕ ਟਨ ਦੀ ਸਾਲਾਨਾ ਉਤਪਾਦਨ ਸਮਰੱਥਾ ਵਾਲਾ ਪਲਾਂਟ ਅਸਾਮ ਦੇ ਨਾਮਰੂਪ ਵਿਖੇ ਸਥਾਪਿਤ ਕੀਤਾ ਜਾਵੇਗਾ। ਇੰਡੀਆ ਪੋਸਟ ਪੇਮੈਂਟ ਬੈਂਕ ਅਤੇ 2.4 ਲੱਖ ਡਾਕ ਸੇਵਕਾਂ ਦੇ ਇੱਕ ਵਿਸਾਲ ਨੈੱਟਵਰਕ ਦੀ ਮਦਦ ਨਾਲ 1.5 ਲੱਖ ਗ੍ਰਾਮੀਣ ਡਾਕਘਰਾਂ ਵਾਲੀ ਇੰਡੀਆ ਪੋਸਟ ਨੂੰ ਗ੍ਰਾਮੀਣ ਆਰਥਿਕਤਾ ਲਈ ਇੱਕ ਉਤਪ੍ਰੇਰਕ ਵਜੋਂ ਕੰਮ ਕਰਨ ਲਈ ਤਿਆਰ ਕੀਤਾ ਜਾਵੇਗਾ। ਇਸ ਦੇ ਵੇਰਵੇ ਅਨੁਬੰਧ ਸੀ ਵਿੱਚ ਦਿੱਤੇ ਗਏ ਹਨ। ਇੰਡੀਆ ਪੋਸਟ ਨੂੰ ਇੱਕ ਵਿਸਾਲ ਜਨਤਕ ਲੌਜਿਸਟਿਕਸ ਸੰਸਥਾ ਵਿੱਚ ਬਦਲ ਦਿੱਤਾ ਜਾਵੇਗਾ। ਇਹ ਨਵੇਂ ਉੱਦਮੀਆਂ, ਔਰਤਾਂ, ਸਵੈ-ਸਹਾਇਤਾ ਸਮੂਹਾਂ, ਸੂਖਮ, ਛੋਟੇ ਅਤੇ ਦਰਮਿਆਨੇ ਉਦਯੋਗਾਂ ਅਤੇ ਵੱਡੇ ਵਪਾਰਕ ਸੰਗਠਨਾਂ ਦੀਆਂ ਵਧਦੀਆਂ ਲੋੜਾਂ ਨੂੰ ਪੂਰਾ ਕਰੇਗਾ। ਸਾਡੀ ਸਰਕਾਰ ਸਹਿਕਾਰੀ ਖੇਤਰ ਲਈ ਦੇ ਕ੍ਰੈਡਿਟ ਕਾਰਜਾਂ ਲਈ ਸਹਾਇਤਾ ਪ੍ਰਦਾਨ ਕਰੇਗੀ। ਮਾਈਕ੍ਰੋ, ਸਮਾਲ ਐਂਡ ਮੀਡੀਅਮ ਐਂਟਰਪ੍ਰਾਈਜਿਜ () ਦੂਜੇ ਇੰਜਣ ਵਜੋਂ ਮਾਪਦੰਡ ਵਿੱਚ ਸੋਧ 1 ਕਰੋੜ ਤੋਂ ਵੱਧ ਰਜਿਸਟਰਡ , ਜੋ ਵਰਤਮਾਨ ਵਿੱਚ 7.5 ਕਰੋੜ ਲੋਕਾਂ ਨੂੰ ਰੁਜਗਾਰ ਦੇ ਰਹੇ ਹਨ ਅਤੇ ਸਾਡੇ ਨਿਰਮਾਣ ਵਿੱਚ 36 ਪ੍ਰਤੀਸਤ ਯੋਗਦਾਨ ਪਾ ਰਹੇ ਹਨ, ਭਾਰਤ ਨੂੰ ਇੱਕ ਗਲੋਬਲ ਮੈਨੂਫੈਕਚਰਿੰਗ ਹੱਬ ਬਣਾਉਣ ਲਈ ਮਿਲ ਕੇ ਕੰਮ ਕਰ ਰਹੇ ਹਨ। ਇਹ ਆਪਣੇ ਗੁਣਵੱਤਾ ਵਾਲੇ ਉਤਪਾਦਾਂ ਨਾਲ ਸਾਡੇ ਨਿਰਯਾਤ ਵਿੱਚ 45 ਪ੍ਰਤੀਸਤ ਯੋਗਦਾਨ ਪਾ ਰਹੇ ਹਨ। ਨੂੰ ਵੱਧ ਪੈਮਾਨੇ ਦੀ ਕੁਸਲਤਾ, ਤਕਨੀਕੀ ਅਪਗ੍ਰੇਡੇਸਨ ਅਤੇ ਪੂੰਜੀ ਤੱਕ ਬਿਹਤਰ ਪਹੁੰਚ ਪ੍ਰਾਪਤ ਕਰਨ ਵਿੱਚ ਮਦਦ ਕਰਨ ਦੇ

ਕੇਂਦਰ ਸਰਕਾਰ ਦੇ ਬਜਟ 'ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਪਹਿਲਾ ਬਿਆਨ

ਜਲੰਧਰ 1 ਫਰਵਰੀ। ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਜਟ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਪਹਿਲਾ ਬਿਆਨ ਸਾਹਮਣੇ ਆਇਆ ਹੈ। ਟਵੀਟ ਕਰਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੇਸ ਕੀਤੇ ਬਜਟ ਵਿੱਚ ਇਕ ਵਾਰ ਫਿ਼ਰ ਪੰਜਾਬ ਨੂੰ ਅਣਦੇਖਿਆ ਕੀਤਾ ਗਿਆ। ਪੰਜਾਬ ਦੇ ਕਿਸਾਨਾਂ,

ਨੌਜਵਾਨਾਂ ਨੂੰ ਕੇਂਦਰ ਸਰਕਾਰ ਨੇ ਕੁਝ ਵੀ ਨਹੀਂ ਦਿੱਤਾ ਹੈ। ਕੇਂਦਰ ਵੱਲੋਂ ਨਾ ਹੀ ਕਿਸਾਨਾਂ ਨੂੰ ਫਸਲ 'ਤੇ ਐੱਮ. ਐੱਸ. ਪੀ, ਨਾ ਹੀ ਸੂਬੇ ਨੂੰ ਕੋਈ ਇੰਡਸਟਰੀ ਲਈ ਪੈਕੇਜ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਅਜਿਹਾ ਕੁਝ ਨਹੀਂ ਦਿੱਤਾ ਜੋਕਿ ਉਸ ਦੇ ਆਰਥਿਕ ਅਤੇ ਭਵਿੱਖ 'ਚ ਸੁਧਾਰ ਲਿਆ ਸਕੇ। ਇਹ ਬਜਟ ਸਿਰਫ ਚੋਣਾਵੀ ਬਜਟ ਹੈ, ਜਿਸ ਵਿੱਚ ਸਿਰਫ ਬਿਹਾਰ ਸੂਬੇ ਲਈ ਹੀ ਘੋਸਣਾ ਹੈ। ਇਕ ਵਾਰ ਫਿਰ ਬਜਟ 'ਚ ਕੇਂਦਰ ਸਰਕਾਰ ਨੇ ਪੰਜਾਬ ਅਤੇ ਪੰਜਾਬੀਆਂ ਨਾਲ ਮਤਰੇਆ ਸਲੂਕ ਕੀਤਾ ਹੈ

ਬਜਟ 'ਤੇ ਬੋਲੇ ਖੜਗੇ : 900 ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ

ਏਜੰਸੀਆਂ

ਨਵੀਂ ਦਿੱਲੀ 1 ਫਰਵਰੀ। ਕਾਂਗਰਸ ਪ੍ਰਧਾਨ ਮਲਿਕਾਰੁਜਨ ਖੜਗੇ ਨੇ ਸ਼ਨੀਵਾਰ ਨੂੰ ਆਮ ਬਜਟ ਨੂੰ ਮੋਦੀ ਸਰਕਾਰ ਵਲੋਂ ਲੋਕਾਂ ਦੀਆਂ ਅੱਖਾਂ 'ਚ ਧੂੜ ਪਾਉਣ ਦੀ ਕੋਸ਼ਿਸ਼ ਕਰਾਰ ਦਿੱਤਾ ਅਤੇ ਕਿਹਾ ਕਿ ਇਸ 'ਤੇ 900 ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ ਦਾ ਮੁਹਾਵਰਾ ਢੁਕਵਾਂ ਬੈਠਦਾ ਹੈ। ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵਲੋਂ ਵਿੱਤ ਸਾਲ 2025-26 ਲਈ ਪੇਸ਼ ਕੀਤੇ ਗਏ ਆਮ ਬਜਟ 'ਚ ਨਵੀਂ ਟੈਕਸ ਵਿਵਸਥਾ ਦੇ ਅਧੀਨ 12 ਲੱਖ ਰੁਪਏ ਤੱਕ ਸਾਲਾਨਾ ਆਮਦਨ ਨੂੰ ਟੈਕਸ ਦੇ ਦਾਇਰੇ ਤੋਂ ਮੁਕਤ ਰੱਖਿਆ ਗਿਆ ਹੈ। ਖੜਗੇ ਨੇ 'ਐਕਸ' 'ਤੇ ਪੋਸਟ ਕੀਤਾ,"ਇਕ ਮੁਹਾਵਰਾ ਇਸ ਬਜਟ 'ਤੇ ਬਿਲਕੁੱਲ ਢੁਕਵਾਂ ਬੈਠਦਾ ਹੈ, 900 ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ। ਪਿਛਲੇ 10 ਸਾਲਾਂ 'ਚ ਮੋਦੀ ਸਰਕਾਰ ਦੇ ਮੱਧ ਆਮਦਨ ਵਰਗ ਤੋਂ 54.18 ਲੱਖ ਕਰੋੜ ਦਾ ਇਨਕਮ ਟੈਕਸ ਵਸੂਲਿਆ ਹੈ ਅਤੇ ਹੁਣ ਉਹ 12 ਲੱਖ ਤੱਕ ਦੀ ਛੋਟ ਦੇ ਰਹੇ ਹਨ। ਉਸ ਦੇ ਹਿਸਾਬ ਨਾਲ ਵਿੱਤ ਮੰਤਰੀ ਖੁਦ ਕਹਿ ਰਹੀ ਹੈ ਕਿ ਸਾਲ 'ਚ 80 ਹਜਾਰ ਰੁਪਏ ਦੀ ਬਚਤ ਹੋਵੇਗੀ ਯਾਨੀ

ਹਰ ਮਹੀਨੇ ਸਿਰਫ 6,666 ਰੁਪਏ।" ਉਨ੍ਹਾਂ ਕਿਹਾ,"ਪੂਰਾ ਦੇਸ਼ ਮਹਿੰਗਾਈ ਅਤੇ ਬੇਰੁਜਗਾਰੀ ਦੀ ਸਮੱਸਿਆ ਨਾਲ ਜੂਝ ਰਿਹਾ ਹੈ ਪਰ ਮੋਦੀ ਸਰਕਾਰ ਝੂਠੀਆਂ ਤਾਰੀਫਾਂ ਬਟੋਰਨ 'ਚ ਰੁਝੀ ਹੈ। ਇਸ ਬਜਟ 'ਚ (ਸਰਕਾਰ ਨੇ) ਆਪਣੀਆਂ ਕਮੀਆਂ ਲੁਕਾਉਣ ਲਈ 'ਮੇਕ ਇਨ ਇੰਡੀਆ' ਰਾਸ਼ਟਰੀ ਨਿਰਮਾਣ ਮਿਸ਼ਨ ਬਣਾ ਦਿੱਤਾ ਗਿਆ ਹੈ। ਬਾਕੀ ਸਾਰੇ ਐਲਾਨ ਲਗਭਗ ਅਜਿਹੇ ਹਨ।" ਖੜਗੇ ਨੇ ਦੋਸ਼ ਲਗਾਇਆ ਕਿ ਨੌਜਵਾਨਾਂ ਲਈ ਕੁਝ ਨਹੀਂ ਹੈ। ਉਨ੍ਹਾਂ ਕਿਹਾ,"ਮੋਦੀ ਜੀ ਨੇ ਕੱਲ੍ਹ ਵਾਅਦਾ ਕੀਤਾ ਸੀ ਕਿ ਇਸ ਬਜਟ 'ਚ ਔਰਤਾਂ ਦੇ ਸਸ਼ਕਤੀਕਰਨ ਲਈ ਉਹ ਵੱਡਾ ਕਦਮ ਚੁੱਕਣਗੇ ਪਰ ਬਜਟ 'ਚ ਕੁਝ ਅਜਿਹਾ ਨਹੀਂ ਨਿਕਲਿਆ। ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਕੋਈ ਰੂਪਰੇਖਾ ਨਹੀਂ, ਖੇਤੀ ਦੇ ਸਾਮਾਨ 'ਤੇ ਜੀ.ਐੱਸ.ਟੀ. ਦਰ 'ਚ ਕੋਈ ਰਿਆਇਤ ਨਹੀਂ ਦਿੱਤੀ ਗਈ। ਦਲਿਤ, ਆਦਿਵਾਸੀ, ਪਿਛੜੇ ਵਰਗ, ਗਰੀਬ ਅਤੇ ਘੱਟ ਗਿਣਤੀ ਬੱਚਿਆਂ ਦੀ ਸਿਹਤ, ਸਿੱਖਿਆ, ਸਕਾਲਰਸ਼ਿਪ ਦੀ ਕੋਈ ਯੋਜਨਾ ਨਹੀਂ।" ਕਾਂਗਰਸ ਪ੍ਰਧਾਨ ਨੇ ਦਾਅਵਾ ਕੀਤਾ ਕਿ ਨਿੱਜੀ ਨਿਵੇਸ਼ ਕਿਵੇਂ ਵਧਾਉਣਾ ਹੈ, ਇਸ ਲਈ ਕੋਈ ਸੁਧਾਰਾਤਮਕ ਕਦਮ ਨਹੀਂ ਹੈ ਅਤੇ ਨਿਯਾਰਤ ਤੇ ਫੀਸ 'ਤੇ 2 ਚਾਰ ਸਤਿਹੀ ਗੱਲਾਂ ਕਹਿ ਕੇ ਆਪਣੀਆਂ ਅਸਫਲਤਾਵਾਂ ਨੂੰ ਲੁਕਾਇਆ ਗਿਆ ਹੈ।

ਕੰਟਰੋਲ ਰੇਖਾ 'ਤੇ ਘੁਸਪੈਠ ਕਰ ਰਹੇ 2 ਅੱਤਵਾਦੀ ਢੇਰ, ਭਾਰੀ ਮਾਤਰਾ 'ਚ ਹਥਿਆਰ ਬਰਾਮਦ

ਜੰਮੂ 1 ਫਰਵਰੀ। ਜੰਮੂ ਕਸ਼ਮੀਰ ਦੇ ਪੁੰਛ ਜਿ਼ਲ੍ਹੇ 'ਚ ਕੰਟਰੋਲ ਰੇਖਾ (ਐੱਲਓਸੀ) ਨੇ ਉਸ ਪਾਰ ਤੋਂ ਘੁਸਪੈਠ ਦੀ ਕੋਸ਼ਿਸ਼ ਕਰ ਰਹੇ ਭਾਰੀ ਹਥਿਆਰਾਂ ਨਾਲ ਲੈੱਸ 2 ਅੱਤਵਾਦੀਆਂ ਨੂੰ ਫੌਜੀਆਂ ਨੇ ਮਾਰ ਸੁੱਟਿਆ। ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਵੀਰਵਾਰ ਨੂੰ ਪੁੰਛ ਜਿ਼ਲ੍ਹੇ ਦੇ ਖਾਰੀ ਕਰਮਾਰਾ ਇਲਾਕੇ 'ਚ ਹੋਈ ਅਤੇ ਸਵੇਰ ਤੱਕ ਵਿਆਪਕ ਤਲਾਸ਼ੀ ਮੁਹਿੰਮ ਜਾਰੀ ਰਿਹਾ। ਫੌਜ ਦੀ ਜੰਮੂ ਸਥਿਤ 'ਵ੍ਹਾਈਟ ਨਾਈਟ ਕੋਰ' ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਕੱਲ (ਵੀਰਵਾਰ) ਰਾਤ ਪੁੰਛ ਸੈਕਟਰ 'ਚ ਕੰਟਰੋਲ ਰੇਖਾ 'ਤੇ ਅੱਤਵਾਦੀ ਗਤੀਵਿਧੀ ਦੀ ਜਾਣਕਾਰੀ ਮਿਲੀ ਅਤੇ ਚੌਕਸ ਫੌਜੀਆਂ ਨੇ ਘੁਸਪੈਠ ਕਰ ਕੇ ਅੱਤਵਾਦੀਆਂ 'ਤੇ ਤੁਰੰਤ ਹਮਲਾ ਕੀਤਾ, ਜਿਸ ਤੋਂ ਬਾਅਦ ਭਾਰੀ ਗੋਲੀਬਾਰੀ ਸ਼ੁਰੂ ਹੋ ਗਈ।" ਫੌਜ ਨੇ ਦੱਸਿਆ ਕਿ ਮੁਹਿੰਮ ਰਾਤ ਭਰ ਜਾਰੀ ਰਿਹਾ, ਜਿਸ 'ਚ 2 ਅੱਤਵਾਦੀ ਮਾਰੇ ਗਏ। ਫੌਜ ਅਨੁਸਾਰ, ਤਲਾਸ਼ੀ ਦੌਰਾਨ ਖੇਤਰ ਤੋਂ ਹੁਣ ਤੱਕ ਵੱਡੀ ਗਿਣਤੀ 'ਚ ਹਥਿਆਰ ਅਤੇ ਗੋਲਾ-ਬਾਰੂਦ ਬਰਾਮਦ ਹੋਏ ਹਨ।

ਸਾਬਕਾ ਮੁੱਖ ਚੋਣ ਕਮਿਸ਼ਨਰ ਨਵੀਨ ਚਾਵਲਾ ਦਾ 79 ਸਾਲ ਦੀ ਉਮਰ 'ਚ ਦਿਹਾਂਤ

ਨਵੀਂ ਦਿੱਲੀ 1 ਫਰਵਰੀ। ਸਾਬਕਾ ਮੁੱਖ ਚੋਣ ਕਮਿਸ਼ਨਰ (ਸੀਈਸੀ) ਨਵੀਨ ਚਾਵਲਾ ਦਾ ਸ਼ਨੀਵਾਰ ਨੂੰ ਦਿਹਾਂਤ ਹੋ ਗਿਆ। ਸਾਬਕਾ ਸੀਈਸੀ ਐੱਸਵਾਈ ਕੁਰੈਸ਼ੀ ਨੇ ਇਹ ਜਾਣਕਾਰੀ ਦਿੱਤੀ। ਚਾਵਲਾ 79 ਸਾਲ ਦੇ ਸਨ। ਕੁਰੈਸ਼ੀ ਨੇ ਦੱਸਿਆ ਕਿ ਉਹ ਚਾਵਲਾ ਤੋਂ ਕਰੀਬ 10 ਦਿਨ ਪਹਿਲੇ ਮਿਲੇ ਸਨ, ਉਸ ਸਮੇਂ ਚਾਵਲਾ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਉਨ੍ਹਾਂ ਨੂੰ ਬ੍ਰੇਨ ਸਰਜਰੀ ਲਈ ਹਸਪਤਾਲ 'ਚ ਦਾਖਲ ਕਰਵਾਇਆ ਜਾ ਰਿਹਾ ਹੈ। ਕੁਰੈਸ਼ੀ ਨੇ ਕਿਹਾ,"ਅੱਜ ਸਵੇਰੇ ਅਪੋਲੋ ਹਸਪਤਾਲ 'ਚ ਉਨ੍ਹਾਂ ਦਾ ਦਿਹਾਂਤ ਹੋ ਗਿਆ।" ਉਨ੍ਹਾਂ ਕਿਹਾ ਕਿ ਜਦੋਂ ਉਹ ਆਖਰੀ ਵਾਰ ਉਨ੍ਹਾਂ ਨੂੰ ਮਿਲੇ ਸਨ, ਉਦੋਂ ਉਹ ਕਾਫੀ ਖੁਸ਼ ਸਨ। ਇਸ ਤੋਂ ਇਲਾਵਾ, ਚੋਣ ਕਮਿਸ਼ਨ ਦੇ ਇਕ ਅਧਿਕਾਰੀ ਨੇ ਵੀ ਚਾਵਲਾ ਦੇ ਦਿਹਾਂਤ ਦੀ ਪੁਸ਼ਟੀ ਕੀਤੀ। ਕੁਰੈਸ਼ੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਪੋਸਟ ਕਰ ਕੇ ਕਿਹਾ,"ਭਾਰਤ ਦੇ ਸਾਬਕਾ ਮੁੱਖ ਚੋਣ ਕਮਿਸ਼ਨਰ ਨਵੀਨ ਚਾਵਲਾ ਦੇ ਦਿਹਾਂਤ ਬਾਰੇ ਜਾਣਕੇ ਖੁਸ਼ ਹੋਇਆ। ਪਰਮਾਤਮਾ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਪ੍ਰਦਾਨ ਕਰੇ। ਸਾਬਕਾ ਨੌਕਰਸ਼ਾਹ ਚਾਵਲਾ 2005 ਤੋਂ 2009 ਦਰਮਿਆਨ ਚੋਣ ਕਮਿਸ

ਧੜੱਲੇ ਨਾਲ ਸਕੂਲਾਂ ਨੇੜੇ ਵਿਕ ਰਹੇ ਐਨਰਜੀ ਡਰਿੰਕਸ ਨਾਲ ਬੱਚੇ ਹੋ ਰਹੇ ਬੀਮਾਰੀਆਂ ਦੇ ਸ਼ਿਕਾਰ

ਤਰਨਤਾਰਨ 1 ਫਰਵਰੀ। ਜ਼ਿਲ੍ਹੇ ’ਚ ਐਨਰਜੀ ਦੇ ਨਾਮ ਉਪਰ ਵਿਕ ਰਹੇ ਪੀਣ ਵਾਲੇ ਪਦਾਰਥਾਂ ਦੀ ਵਿਕਰੀ ਜਿੱਥੇ ਦਿਨ ਬਾਅਦ ਦਿਨ ਸਟੇਟਸ ਸਿੰਬਲ ਬਣਦੀ ਜਾ ਰਹੀ ਹੈ ਉਥੇ ਹੀ ਇਸ ਪਦਾਰਥ ਦੀ ਵਰਤੋਂ ਕਰਨ ਨਾਲ ਜਿੱਥੇ ਲੋਕਾਂ ਦੀਆਂ ਕਿਡਨੀਆਂ ਉਪਰ ਮਾੜਾ ਅਸਰ ਪੈ ਰਿਹਾ ਹੈ ਉਥੇ ਹੀ ਲੋਕ ਦਿਲ, ਸ਼ੂਗਰ ਟਾਇਪ-2, ਡੀਹਾਈਡ੍ਰੇਸ਼ਨ ਰੋਗਾਂ ਦੇ ਵੀ ਸ਼ਿਕਾਰ ਹੁੰਦੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ ਬਾਹਰ ਅਤੇ ਸਕੂਲਾਂ ਦੇ ਅੰਦਰ ਮੌਜੂਦ ਦੁਕਾਨਾਂ ਉਪਰ ਧੜੱਲੇ ਨਾ ਵਿਕ ਰਹੀਆਂ ਐਨਰਜੀ ਡਰਿੰਕਸ ਨਾਲ ਨੌਜਵਾਨ ਪੀੜ੍ਹੀ ਖਤਰੇ ਵੱਲ ਵੱਧਦੀ ਵੇਖੀ ਜਾ ਸਕਦੀ ਹੈ, ਜਿਸ ਨੂੰ ਸਮੇਂ ਸਿਰ ਰੋਕਣਾ ਸਿਹਤ ਵਿਭਾਗ ਅਤੇ ਪ੍ਰਸ਼ਾਸਨ ਲਈ ਇਕ ਵੱਡੀ ਚੁਨੌਤੀ ਸਾਬਿਤ ਹੋਵੇਗੀ। ਜਾਣਕਾਰੀ ਦੇ ਅਨੁਸਾਰ ਸੰਨ੍ਹ 1987 ਦੌਰਾਨ ਯੂਰੋਪ ’ਚ ਪਹਿਲੀ ਵਾਰ ਐਨਰਜੀ ਡਰਿੰਕ ਹੋਂਦ ’ਚ ਆਈ, ਜਿਸਦੀ ਵਰਤੋਂ ਦਿਨ ਬ ਦਿਨ ਵਧਦੀ ਗਈ ਅਤੇ ਅੱਜ ਕੱਲ ਇਸਦੀ ਵਰਤੋਂ ਇਨੀ ਜ਼ਿਆਦਾ ਵੱਧ ਚੁੱਕੀ ਹੈ ਕਿ ਅਲਕੋਹਲ ਦੀ ਵਰਤੋਂ ਨਾ ਕਰਨ ਵਾਲੇ ਵਿਅਕਤੀ ਅੱਜ ਕੱਲ ਐਨਰਜੀ ਡਰਿੰਕ ਨੂੰ ਧੜੱਲੇ ਨਾਲ ਪਹਿਲ ਦਿੰਦੇ ਨਜ਼ਰ ਆ ਰਹੇ ਹਨ। ਔਰਤ ਰੋਗਾਂ ਦੇ ਮਾਹਿਰ (ਐੱਮ.ਐੱਸ. ਗਾਇਨੀ) ਡਾਕਟਰ ਅਤੇ ਮਿੱਤਲ ਹਸਪਤਾਲ ਦੇ ਮਾਲਕ ਡਾਕਟਰ ਸੁਪਰਨਾ ਮਿੱਤਲ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਜ਼ਿਆਦਾਤਰ 500 ਐੱਮ.ਐੱਲ. ਐਨਰਜੀ ਡਰਿੰਕ ’ਚ 200 ਗ੍ਰਾਮ ਕੈਫੀਨ ਮੌਜੂਦ ਹੁੰਦੀ ਹੈ ਜੋ 550 ਗ੍ਰਾਮ



ਤੱਕ ਵਧਾਈ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਗਰਭਵਤੀ ਔਰਤਾਂ ਵੱਲੋਂ ਕੈਫੀਨ ਨਾਲ ਤਿਆਰ ਕੀਤੀ ਗਈ ਐਨਰਜੀ ਡਰਿੰਕ ਦੀ ਜ਼ਿਆਦਾ ਵਰਤੋਂ ਕਰਨ ਨਾਲ ਗਰਭ ਵਿਚ ਪਲ ਰਹੇ ਬੱਚੇ ਨੂੰ ਨੁਕਸਾਨ ਹੋ ਸਕਦਾ ਹੈ।ਉਨ੍ਹਾਂ ਦੱਸਿਆ ਕਿ ਐਨਰਜੀ ਡਰਿੰਕ ਦੇ ਪ੍ਰਤੀ ਅੱਧਾ ਲੀਟਰ ’ਚ 220 ਕੈਲੋਰੀਜ਼ ਹੁੰਦੀਆਂ ਹਨ, ਜਿਸਦੇ ਚੱਲਦਿਆਂ ਖੰਡ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਮਰੀਜ਼ ਟਾਈਪ-2 ਡਾਇਬਿਟੀਜ ਬੀਮਾਰੀ ਦਾ ਸ਼ਿਕਾਰ ਹੋ ਸਕਦਾ ਹੈ। ਗਰਭਵਤੀ ਔਰਤਾਂ ਅਤੇ ਬੱਚਿਆਂ ਨੂੰ ਐਨਰਜੀ ਡਰਿੰਕ ਦੀ ਵਰਤੋਂ ਕਰਨ ਤੋਂ ਦੂਰ ਰਹਿੰਦੇ ਹੋਏ ਹਮੇਸ਼ਾ ਚੰਗੀ ਖੁਰਾਕ ਦੀ ਵਰਤੋਂ ਕਰਦੇ ਰਹਿਣਾ ਚਾਹੀਦਾ ਹੈ। ਇਸ ਸਬੰਧੀ ਗੱਲਬਾਤ ਕਰਦੇ ਹੋਏ ਬੱਚਿਆਂ ਰੋਗਾਂ ਦੇ ਮਾਹਿਰ ਡਾਕਟਰ ਸੁਪ੍ਰਿਆ ਰੰਧਾਵਾ ਨੇ ਦੱਸਿਆ ਕਿ ਐਨਰਜੀ ਡਰਿੰਕ ’ਚ ਕੈਫੀਨ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਬੱਚਿਆਂ ਦੇ ਸਰੀਰਕ ਵਿਕਾਸ ’ਚ ਰੁਕਾਵਟ ਪੈਣੀ ਸ਼ੁਰੂ ਹੋ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਐਨਰਜੀ ਡਰਿੰਕ ਦੀ ਵਰਤੋਂ ਬੱਚਿਆਂ ਵੱਲੋਂ ਕਰਨ ਨਾਲ ਦਿਮਾਗੀ ਵਿਕਾਸ ਵਿਚ ਵੀ ਰੁਕਾਵਟ ਪੈਦਾ ਹੋਣ ਲੱਗ ਜਾਂਦੀ ਹੈ ਅਤੇ ਬੱਚੇ ਦਿਮਾਗੀ ਤੌਰ ਉਪਰ ਭੁੱਲਣਾ ਸ਼ੁਰੂ ਕਰ ਦਿੰਦੇ ਹਨ। ਚਿੰਤਾ ਦਾ ਸ਼ਿਕਾਰ ਹੋ ਰਹੇ ਲੋਕ- ਮਨੋਰੋਗੀ ਮਾਹਿਰ ਡਾਕਟਰ ਮੁਕੇਸ਼ ਕੁਮਾਰ ਨੇ ਨਜ਼ਦੀਕ ਐੱਸ.ਡੀ ਸੀਨੀਅਰ ਸੈਕੰਡਰੀ ਸਕੂਲ ਤਰਨਤਾਰਨ ਵਿਖੇ ਆਪਣੀ ਕਲੀਨਿਕ ਵਿਚ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਐਨਰਜੀ ਡਰਿੰਕ ਦੀ ਲੋੜ ਤੋਂ ਵੱਧ ਵਰਤੋਂ ਕਰਨ ਨਾਲ ਇਨਸਾਨ ਚਿੰਤਾ ਦਾ ਸ਼ਿਕਾਰ ਹੋਣਾ ਸ਼ੁਰੂ ਹੋ ਜਾਂਦਾ ਹੈ। ਜਿਸ ਨੂੰ ਬਾਰ-ਬਾਰ ਐਨਰਜੀ ਡਰਿੰਕ ਦੀ ਵਰਤੋਂ ਕਰਨ ਸਬੰਧੀ ਬੇਚੈਨੀ ਮਹਿਸੂਸ ਹੋਣੀ ਸ਼ੁਰੂ ਹੋ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਜ਼ਿਆਦਾਤਰ ਲੋਕ ਐਨਰਜੀ ਡਰਿੰਕ ਦੀ ਵਰਤੋਂ ਸਰੀਰ ਨੂੰ ਚੁਸਤ ਫੁਸਤ ਕਰਨ ਲਈ ਕਰਦੇ ਹਨ ਪਰ ਇਸਦੀ ਲੋੜ ਤੋਂ ਵੱਧ ਵਰਤੋਂ ਨੁਕਸਾਨ ਦਾ ਕਾਰਨ ਬਣ ਜਾਂਦਾ ਹੈ। ਜਾਣਕਾਰੀ ਦਿੰਦੇ ਹੋਏ ਕਾਮਰੇਡ ਹਰਜਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਜ਼ਿਲੇ ਦੇ ਸਰਹੱਦੀ ਇਲਾਕਿਆਂ ਸਮੇਤ ਹੋਰ ਵੱਖ-ਵੱਖ ਸਕੂਲਾਂ ਦੇ ਨਜ਼ਦੀਕ ਧੜੱਲੇ ਨਾਲ ਐਨਰਜੀ ਡਰਿੰਕ ਕੋਲ ਡਰਿੰਕਸ ਦੱਸਦੇ ਹੋਏ ਸ਼ਰੇਆਮ ਵੇਚੀ ਜਾ ਰਹੀ ਹੈ, ਜਿਸ ਨਾਲ ਬੱਚੇ ਅਤੇ ਲੋਕ ਵੱਖ-ਵੱਖ ਬੀਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਜਿੱਥੇ ਇਸ ਪਾਸੇ ਵਿਸ਼ੇਸ਼ ਐਕਸ਼ਨ ਲੈਣ ਦੀ ਲੋੜ ਹੈ ਉਥੇ ਹੀ ਸਿੱਖਿਆ ਵਿਭਾਗ ਨੂੰ ਵੀ ਕਦਮ ਚੁੱਕਦੇ ਹੋਏ ਬੱਚਿਆਂ ਨੂੰ ਜਾਗਰੂਕ ਕਰਨ ਦੀ ਵਿਸ਼ੇਸ਼ ਜ਼ਰੂਰਤ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲੇ ਦੇ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਨੇ ਦੱਸਿਆ ਕਿ ਸਿਹਤ ਵਿਭਾਗ ਪਾਸੋਂ ਇਸ ਸਬੰਧੀ ਸਖਤ ਐਕਸ਼ਨ ਲੈਣ ਲਈ ਹੁਕਮ ਜਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਲੋਕਾਂ ਦੀ ਸਿਹਤ ਨਾਲ ਕਿਸੇ ਕਿਸਮ ਦਾ ਖਿਲਵਾੜ ਨਹੀਂ ਹੋਣ ਦਿੱਤਾ ਜਾਵੇਗਾ।

ਚਾਰ ਔਰਤਾਂ ਸਣੇ 13 ਸਾਈਬਰ ਅਪਰਾਧੀ 5.51 ਕਰੋੜ ਦੀ ਧੋਖਾਧੜੀ ਦੇ ਮਾਮਲੇ ‘ਚ ਗ੍ਰਿਫਤਾਰ

ਗੁਰੂਗ੍ਰਾਮ 1 ਫਰਵਰੀ। ਗੁਰੂਗ੍ਰਾਮ ਪੁਲਿਸ ਦੀ ਸਾਈਬਰ ਕ੍ਰਾਈਮ ਟੀਮ ਨੇ 13 ਸਾਈਬਰ ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ‘ਚ ਚਾਰ ਔਰਤਾਂ ਵੀ ਸ਼ਾਮਲ ਹਨ। ਪੁਲਿਸ ਮੁਤਾਬਕ ਇਨ੍ਹਾਂ ‘ਤੇ 1654 ਸ਼ਿਕਾਇਤਾਂ ਵਿਚ 5.51 ਕਰੋੜ ਰੁਪਏ ਦੀ ਧੋਖਾਧੜੀ ਕਰਨ ਦਾ ਦੋਸ਼ ਹੈ। ਪੁਲਿਸ ਨੇ ਕਿਹਾ ਕਿ ਮੁਲਜਮਾਂ ਦੇ ਮੋਬਾਈਲਾਂ ਦੀ ਭਾਰਤੀ ਸਾਈਬਰ ਕ੍ਰਾਈਮ ਕੋਆਰਡੀਨੇਸ਼ਨ ਸੈਂਟਰ ‘ਚ ਜਾਂਚ ਕਰਨ ਮਗਰੋਂ ਇਹ ਗੱਲ ਸਾਹਮਣੇ ਆਈ ਹੈ ਕਿ ਇਨ੍ਹਾਂ ਮੁਲਜਮਾਂ ਦੇ ਖਿਲਾਫ 1654 ਸ਼ਿਕਾਇਤਾਂ ਪੂਰੇ ਭਾਰਤ ‘ਚ ਹੋਈਆਂ ਸਨ। 1654 ਸ਼ਿਕਾਇਤਾਂ ‘ਚੋਂ 71 ‘ਤੇ ਕੇਸ ਦਰਜ ਕੀਤੇ ਗਏ ਹਨ।

ਇਨ੍ਹਾਂ ਮੁਲਜਮਾਂ ਦੇ ਖਿਲਾਫ 71 ‘ਚੋਂ ਤਿੰਨ ਕੇਸ ਗੁਰੂਗ੍ਰਾਮ ਦੇ ਵੱਖ-ਵੱਖ ਪੁਲਿਸ ਸਟੇਸ਼ਨਾਂ ਵਿਚ ਦਰਜ ਕੀਤੇ ਗਏ ਹਨ। ਪੁਲਿਸ ਨੇ ਦੱਸਿਆ ਕਿ ਮੁਲਜਮ ਲੋਕਾਂ ਨੂੰ ਕ੍ਰੈਡਿਟ ਕਾਰਡ ਦੀ ਲਿਮਟ ਵਧਾਉਣਾ, ਮਰਦਾਨਾ ਤਾਕਤ ਵਧਾਉਣ ਦੀਆਂ ਦਵਾਈਆਂ ਆਨਲਾਈਨ ਮੁਹੱਈਆ ਕਰਵਾਉਣਾ ਤੇ ਹੋਰ ਕਈ ਤਰ੍ਹਾਂ ਦੇ ਆਫਰ ਦੇ ਕੇ ਫਸਾਉਂਦੇ ਸਨ। ਪੁਲਿਸ ਨੇ ਦੱਸਿਆ ਕਿ ਮੁਲਜਮਾਂ ‘ਤੋਂ 50 ਹਜਾਰ ਰੁਪਏ, 8 ਮੋਬਾਈਲ ਫੋਨ, 6 ਸਿਮ ਕਾਰਡ ਤੇ ਤਿੰਨ ਲੈਪਟਾਪ ਵੀ ਬਰਾਮਦ ਕੀਤੇ ਹਨ। ਏਸੀਪੀ ਸਾਊਥ ਪ੍ਰੀਆਂਸ਼ੂ ਦਿਵਾਨ ਨੇ ਕਿਹਾ ਕਿ ਬਰਾਮਦ ਕੀਤੇ ਉਪਕਰਨਾਂ ਤੇ ਮਾਮਲੇ ਦੀ ਹੋਰ ਵਧੇਰੇ ਜਾਂਚ ਕਰਨ ਮਗਰੋਂ ਅੱਗੇ ਦੀ ਕਾਰਵਾਈ ਅਮਲ ‘ਚ ਲਿਆਂਦੀ ਜਾਵੇਗੀ।

ਇਕ ਕਿਲੋ ਹੈਰੋਇਨ ਸਮੇਤ ਤਿੰਨ ਵਿਅਕਤੀ ਗ੍ਰਿਫਤਾਰ

ਜਲਾਲਾਬਾਦ 1 ਫਰਵਰੀ। ਥਾਣਾ ਸਿਟੀ ਪੁਲਸ ਨੇ ਇਕ ਕਿਲੋ ਹੈਰੋਇਨ ਸਮੇਤ 3 ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਜਾਂਚ ਅਧਿਕਾਰੀ ਬਲਕਾਰ ਸਿੰਘ ਨੇ ਦੱਸਿਆ ਕਿ ਸਮੇਤ ਪੁਲਸ ਪਾਰਟੀ ਸਮੇਤ ਗਸ਼ਤ ਕਰਦੇ ਹੋਏ ਦਫਤਰ ਐੱਸ. ਟੀ. ਐੱਫ ਫਿਰੋਜਪੁਰ ਰੇਂਜ ਤੋਂ ਏਰੀਆ ਖਾਈ ਫੇਮੇ ਕੇ, ਲੱਖੋ ਕੇ ਬਹਿਰਾਮ ਅਤੇ ਗੋਲੂ ਕਾ ਮੋੜ ਤੋਂ ਹੁੰਦੇ ਹੋਏ ਫਿਰੋਜਪੁਰ- ਫਾਜ਼ਿਲਕਾ ਰੋਡ ’ਤੇ ਥਾਨਾ ਸਦਰ ਜਲਾਲਾਬਾਦ ਨੇੜੇ ਪੁੱਜੇ ਤਾਂ ਮੁੱਖਬਰ ਖਾਸ ਨੇ ਇਤਲਾਹ ਦਿੱਤੀ ਕਿ ਬਲਵਿੰਦਰ ਸਿੰਘ ਉਰਫ ਬੋਹੜਾ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਫੱਤੂ ਵਾਲਾ, ਬਲਜੀਤ ਸਿੰਘ ਉਰਫ ਕਾਲਾ ਪੁੱਤਰ ਰੇਸ਼ਮ

ਸਿੰਘ, ਅਸ਼ੋਕ ਸਿੰਘ ਉਰਫ ਗੋਸ਼ੀ ਪੁੱਤਰ ਬਲਵੀਰ ਸਿੰਘ ਵਾਸੀ ਮੁਹਾਰ ਜਮਸ਼ੇਰ ਨਸ਼ਾ ਵੇਚਣ ਦੇ ਆਦੀ ਹਨ। ਜੋ ਹੁਣ ਵੀ ਮੋਟਰਸਾਈਕਲ ਬਜਾਜ ਸੀ. ਟੀ- 100 ਨੰਬਰੀ ਪੀ. ਬੀ. 61ਸੀ-6784 ‘ਤੇ ਸਵਾਰ ਹੋ ਕੇ ਬਾਹਮਣੀ ਵਾਲਾ ਤੋਂ ਜਲਾਲਾਬਾਦ ਹੈਰੋਇਨ ਵੇਚਣ ਆ ਰਹੇ ਹਨ। ਜੇਕਰ ਹੁਣੇ ਨਾਕਾਬੰਦੀ ਕੀਤੀ ਜਾਵੇ ਤਾਂ ਉਕਤ ਵਿਅਕਤੀ ਭਾਰੀ ਮਾਤਰਾ ਵਿੱਚ ਹੈਰੋਇੰਨ ਸਮੇਤ ਕਾਬੂ ਆ ਸਕਦੇ ਹਨ। ਜਿਸ ’ਤੇ ਪੁਲਸ ਨੇ ਨਾਕਾਬੰਦੀ ਕਰਕੇ ਤਿੰਨਾਂ ਵਿਅਕਤੀਆਂ ਨੂੰ 1 ਕਿਲੋ ਹੈਰੋਇੰਨ ,1 ਮੋਟਰ ਸਾਈਕਲ ਬਜਾਜ ਸੀ. ਟੀ-100 ਨੰਬਰੀ ਪੀ. ਬੀ- 61ਸੀ-6784, 1 ਮੋਬਾਇਲ ਵੀਵੋ, 1 ਮੋਬਾਇਲ ਰੇਡਮੀ, 1 ਮੋਬਾਇਲ ਓਪੋ ਸਮੇਤ ਕਾਬੂ ਕਰ ਲਿਆ, ਜਿਨ੍ਹਾਂ ‘ਤੇ ਧਾਰਾ 21/61/85 ਐੱਨ. ਡੀ. ਪੀ. ਐੱਸ. ਐਕਟ ਦੇ ਅਧੀਨ ਪਰਚਾ ਦਰਜ ਕੀਤਾ ਗਿਆ ਹੈ।

ਬੇਖੌਫ ਹੋਏ ਲੁਟੇਰੇ, ਦਿਨ-ਦਿਹਾੜੇ ਔਰਤ ਤੋਂ ਪਰਸ ਤੇ ਮੋਬਾਇਲ ਲੁੱਟ ਕੇ ਹੋਏ ਫਰਾਰ, ਤਸਵੀਰਾਂ ਆਈਆਂ ਸਾਹਮਣੇ

ਗੁਰਦਾਸਪੁਰ 1 ਫਰਵਰੀ। ਗੁਰਦਾਸਪੁਰ ਪਿੱਛਾ ਕਰਦੇ ਆਏ 2 ਸਪਲੈਂਡਰ ਸਹਿਰ ਵਿੱਚ ਲੁੱਟਾਂ ਖੋਹਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਅੱਜ ਵੀ ਦਿਨ ਦਿਹਾੜੇ ਸਕੂਟਰੀ ਤੇ ਸਵਾਰ ਇਕ ਔਰਤ ਤੋਂ ਦੋ ਲੁਟੇਰੇ ਪਰਸ ਤੇ ਮੋਬਾਇਲ ਖੋਹ ਕੇ ਫਰਾਰ ਹੋ ਗਏ। ਜਿਸ ਕਾਰਨ ਲੋਕਾਂ ’ਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ। ਪੀੜਤ ਔਰਤ ਨੇ ਸਿਟੀ ਪੁਲਸ ਨੂੰ ਸ਼ਿਕਾਇਤ ਦੇ ਕੇ ਇਨਸਾਫ ਦੀ ਮੰਗ ਕੀਤੀ ਹੈ। ਇਹ ਸਾਰੀ ਘਟਨਾ ਸੀ. ਸੀ. ਟੀ. ਵੀ. ਕੈਮਰੇ ’ਚ ਕੈਦ ਹੋ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਪੀੜਤ ਮਹਿਲਾ ਸਾਵਲੀ ਸੈਣੀ ਪਤਨੀ ਰਮੇਸ ਲਾਲ ਸੈਣੀ ਨਿਵਾਸੀ ਗ੍ਰੇਟਰ ਕੈਲਾਸ ਕਲੋਨੀ ਬੈਕ ਸਾਈਡ ਫਤਿਹ ਹਲਵਾਈ ਨੇ ਦੱਸਿਆ ਕਿ ਉਹ ਸਹਿਰ ਵਿੱਚ ਹੀ ਆਪਣੇ ਬੇਟੇ ਨੂੰ ਰਿਸਤੇਦਾਰਾਂ ਦੇ ਘਰ ਛੱਡ ਕੇ ਵਾਪਸ ਆਪਣੀ ਸਕੂਟਰੀ ‘ਤੇ ਸਵਾਰ ਹੋ ਕੇ ਜਦ ਘਰ ਆ ਰਹੀ ਸੀ ਤਾਂ ਮੇਰਾ

ਮੋਟਰਸਾਈਕਲ ‘ਤੇ ਸਵਾਰ ਨੌਜਵਾਨਾਂ ਨੇ ਕਿਹਾ ਕਿ ਤੁਹਾਡੀ ਸਕੂਟਰੀ ਦੀ ਨੰਬਰ ਪਲੇਟ ਡਿੱਗ ਗਈ ਹੈ,ਜਦ ਉਸ ਨੇ ਸਕੂਟਰੀ ਖੜ੍ਹੀ ਕਰਕੇ ਨੰਬਰ ਪਲੇਟ ਦੇਖਣੀ ਚਾਹੀ ਤਾਂ ਲੁਟੇਰਿਆਂ ਨੇ ਝਪਟਾ ਮਾਰ ਕੇ ਉਸ ਦਾ ਮੋਬਾਈਲ ਅਤੇ ਪਰਸ ਖੋਲ ਲਿਆ ਅਤੇ ਉਨ੍ਹਾਂ ਨਾਲ ਲੁੱਟ ਖੋਹ ਕਰਨੀ ਸੁਰੂ ਕਰ ਦਿੱਤੀ। ਜਦ ਉਸ ਨੇ ਰੌਲਾ ਪਾਉਣਾ ਸੁਰੂ ਕੀਤਾ ਤਾਂ ਮੋਟਰਸਾਈਕਲ ਸਵਾਰ ਦੋਵੇਂ ਲੁਟੇਰੇ ਨੌਜਵਾਨ ਬਾਈਪਾਸ ਵੱਲ ਨੂੰ ਭੱਜ ਗਏ। ਉੱਥੇ ਹੀ ਇੱਕ ਹੋਰ ਨੌਜਵਾਨ ਜੋ ਕੁਝ ਦਿਨ ਪਹਿਲਾਂ ਉਸੇ ਜਗ੍ਹਾ ‘ਤੇ ਲੁੱਟਖੋਹ ਦਾ ਸ਼ਿਕਾਰ ਹੋਇਆ ਸੀ ,ਨੇ ਦੱਸਿਆ ਕਿ ਰਾਤ ਨੂੰ ਕੰਮ ਤੋਂ ਵਾਪਸ ਆਉਂਦਿਆਂ ਸਪਲੈਂਡਰ ਮੋਟਰਸਾਈਕਲ ‘ਤੇ ਸਵਾਰ ਦੋ ਨੌਜਵਾਨਾਂ ਨੇ ਪਿਸਤੌਲ ਦੇ ਦਮ ‘ਤੇ ਉਨ੍ਹਾਂ ਨਾਲ ਲੁੱਟ ਖੋਹ ਕੀਤੀ ਸੀ । ਜਿਸ ਸਬੰਧੀ ਉਨ੍ਹਾਂ ਨੇ ਪਹਿਲਾਂ ਹੀ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਹੋਈ ਹੈ । ਪੁਲਸ ਅਧਿਕਾਰੀਆਂ ਨੇ ਮਹਿਲਾਂ ਦੀ ਸ਼ਿਕਾਇਤ ‘ਤੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਹੈ।

ਪੰਜਾਬ ‘ਚ ਵਾਪਰਿਆ ਦਰਦਨਾਕ ਹਾਦਸਾ, ਕਾਰ ‘ਚ ਘਰ ਜਾ ਰਹੇ ਵਕੀਲ ਦੀ ਰਸਤੇ ‘ਚ ਹੀ ਹੋ ਗਈ ਮੌਤ

ਹਰਿਆਣਾ 1 ਫਰਵਰੀ। ਹੁਸ਼ਿਆਰਪੁਰ ਤੋਂ ਇਕ ਮੰਦਭਾਗੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਹਰਿਆਣਾ ਰੋਡ ‘ਤੇ ਵਾਪਰੇ ਇਕ ਸੜਕ ਹਾਦਸੇ ‘ਚ ਕਾਰ ‘ਚ ਘਰ ਪਰਤ ਰਹੇ ਇਕ ਵਕੀਲ ਦੀ ਦਰਦਨਾਕ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਮਨੀਸ਼ ਵਰਮਾ ਪੁੱਤਰ ਸਾਧੂ ਸਿੰਘ ਵਾਸੀ ਤਲਵਾੜਾ ਵਜੋਂ ਹੋਈ ਹੈ ਜੋ ਕਿ ਪੇਸ਼ੇ ਵਜੋਂ ਵਕੀਲ ਸੀ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਥਾਣਾ ਹਰਿਆਣਾ ਦੇ ਪੁਲਸ ਅਧਿਕਾਰੀ ਵੀ ਮੌਕੇ ‘ਤੇ ਪਹੁੰਚ ਗਏ ਤੇ ਲਾਸ਼ ਨੂੰ ਕਬਜ਼ੇ ਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਮੁਤਾਬਿਕ ਇਹ ਹਾਦਸਾ ਉਸ ਵਕਤ ਵਾਪਰਿਆ ਜਦੋਂ ਉਹ ਆਪਣੀ ਕਰੇਟਾ ਗੱਡੀ ‘ਚ

ਹੁਸ਼ਿਆਰਪੁਰ ਤੋਂ ਵਾਪਸ ਆਪਣੇ ਘਰ ਤਲਵਾੜੇ ਜਾ ਰਿਹਾ ਸੀ। ਇਸ ਦੌਰਾਨ ਜਦੋਂ ਉਹ ਕੱਕੋਂ ਨਜ਼ਦੀਕ ਪਹੁੰਚਿਆ ਤਾਂ ਕਾਰ ਅਚਾਨਕ ਬੇਕਾਬੂ ਹੋ ਕੇ ਸੜਕ ਕੰਢੇ ਲੱਗੇ ਦਰੱਖਤ ਨਾਲ ਜਾ ਟਕਰਾਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਰੇਟਾ ਗੱਡੀ ਦੇ ਬੁਰੀ ਤਰ੍ਹਾਂ ਦੇ ਨਾਲ ਪਰਖੱਚੇ ਉੱਡ ਗਏ ਅਤੇ ਕਰੇਟਾ ਚਾਲਕ ਮਨੀਸ਼ ਵਰਮਾ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਹਾਦਸੇ ਤੋਂ ਤੁਰੰਤ ਬਾਅਦ ਮੌਕੇ ਤੇ ਸੜਕ ਸੁਰੱਖਿਆ ਫੋਰਸ ਦੀ ਟੀਮ ਵੀ ਮੌਕੇ ‘ਤੇ ਪਹੁੰਚ ਗਈ ਤੇ ਲਾਸ਼ ਨੂੰ ਗੱਡੀ ਚੋਂ ਬਾਹਰ ਕੱਢ ਕੇ ਸਿਵਲ ਹਸਪਤਾਲ ਪਹੁੰਚਾਇਆ। ਘਟਨਾ ਤੋਂ ਬਾਅਦ ਮੌਕੇ ‘ਤੇ ਥਾਣਾ ਹਰਿਆਣਾ ਦੇ ਐੱਸ.ਐੱਚ.ਓ. ਲੋਮੇਸ਼ ਸ਼ਰਮਾ ਵੀ ਪੁਲਸ ਪਾਰਟੀ ਸਮੇਤ ਹਾਦਸੇ ਵਾਲੀ ਥਾਂ ‘ਤੇ ਪਹੁੰਚੇ ਤੇ ਮਾਮਲੇ ਦੀ ਪੜਤਾਲ ਸ਼ੁਰੂ ਕੀਤੀ।

ਅਦਾਲਤ ਨੇ ਗੈਂਗਸਟਰ ਰਮਨਦੀਪ ਸਿੰਘ ਦਾ 2 ਦਿਨ ਦਾ ਦਿੱਤਾ ਪੁਲਸ ਰਿਮਾਂਡ

ਬਠੂੜ 1 ਫਰਵਰੀ। ਬੀਤੇ ਦਿਨੀਂ ਬਠੂੜ ਦੀ ਹੱਦ ’ਚ ਕਲੋਲੀ ਦੇ ਚੋਏ ਪੁਲ ਨੇੜੇ ਡੀ. ਐੱਸ. ਪੀ. ਵਿਕਰਮਜੀਤ ਸਿੰਘ ਬਰਾੜ ਦੀ ਅਗਵਾਈ ਹੇਠ ਪੁਲਸ ਅਤੇ ਗੈਂਗਸਟਰਾਂ ਵਿਚਕਾਰ ਹੋਏ ਮੁਕਾਬਲੇ ’ਚ ਦੋ ਗੈਂਗਸਟਰ ਦੀਪਕ ਪੁੱਤਰ ਬੂਟਾ ਸਿੰਘ ਵਾਸੀ ਪਿੰਡ ਬੁੱਢਣ ਵਾਲ ਥਾਣਾ ਸ਼ਾਹਕੋਟ ਜ਼ਿਲ੍ਹਾ ਜਲੰਧਰ ਅਤੇ ਰਮਨਦੀਪ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਪਿੰਡ ਅਮਰਗੜ੍ਹ ਥਾਣਾ ਨਾਈਆਂ ਵਾਲਾ ਜ਼ਿਲ੍ਹਾ ਬਠਿੰਡਾ ਨੂੰ ਕਾਬੂ ਕੀਤਾ ਗਿਆ ਸੀ। ਗ੍ਰਿਫਤਾਰ ਗੈਂਗਸਟਰ ਰਮਨਦੀਪ ਸਿੰਘ ਨੂੰ ਅੱਜ

ਚੋਰ ਗਿਰੋਹ ਦਾ ਇਕ ਮੈਂਬਰ 117 ਨਸ਼ੇ ਵਾਲੀਆਂ ਗੋਲੀਆਂ ਤੇ ਸੋਨੇ ਸਣੇ ਕਾਬੂ

ਮੱਲ੍ਹੀਆਂ ਕਲਾਂ 1 ਫਰਵਰੀ। ਸਦਰ ਥਾਣਾ ਨਕੋਦਰ ਅਧੀਨ ਪੈਂਦੀ ਪੁਲਸ ਚੌਕੀ ਪਿੰਡ ਉੱਗੀ ਦੀ ਪੁਲਸ ਪਾਰਟੀ ਨੇ ਇਲਾਕੇ ਅੰਦਰ ਹੋ ਰਹੀਆ ਚੋਰੀਆਂ ਨੂੰ ਠੱਲ ਪਾਉਂਦਿਆਂ ਇਕ ਚੋਰ ਗਿਰੋਹ ਦੇ ਮੈਂਬਰ ਨੂੰ ਗਸ਼ਤ ਦੌਰਾਨ 117 ਨਸ਼ੇ ਵਾਲੀਆਂ ਅਤੇ ਚੋਰੀ ਦੇ ਸੋਨੇ ਅਤੇ ਨਕਦੀ ਨਾਲ ਕਾਬੂ ਕਰਨ ’ਚ ਸਫਲਤਾ ਪ੍ਰਾਪਤ ਕੀਤੀ। ਚੌਕੀ ਇੰਚਾਰਜ ਐੱਸ. ਆਈ. ਬਲਵੀਰ ਸਿੰਘ

ਨੇ ਦੱਸਿਆ ਕਿ ਪੁਲਸ ਪਾਰਟੀ ਪਿੰਡ ਤਲਵੰਡੀ ਭਰੋਂ ਤੋਂ ਰਸੂਲਪੁਰ ਕਲਾਂ ਵੱਲ ਜਾ ਰਹੀ ਸੀ। ਪੁਲਸ ਨੇ ਇਕ ਵਿਅਕਤੀ ਨੂੰ ਪੈਦਲ ਆਉਂਦਿਆਂ ਵੇਖਿਆ ਅਤੇ ਉਸ ਨੂੰ ਸ਼ੱਕ ਦੇ ਆਧਾਰ ’ਤੇ ਰੋਕਿਆ ਤਾਂ ਉਸ ਤੋਂ 117 ਨਸ਼ੇ ਵਾਲੀਆਂ ਗੋਲੀਆਂ ਬਰਾਮਦ ਹੋਈਆਂ। ਉਪਰੰਤ ਉਸ ਨੂੰ ਨਕੋਦਰ ਦੀ ਮਾਣਯੋਗ ਅਦਾਲਤ ਪੇਸ਼ ਕਰ ਕੇ ਡੂੰਘੀ ਪੁੱਛਗਿੱਛ ਵਾਸਤੇ ਰਿਮਾਂਡ ਲਿਆ, ਜਿਸ ’ਚ ਉਸ ਨੇ ਆਪਣਾ ਨਾਂ-ਪਤਾ ਸੰਦੀਪ ਕੁਮਾਰ ਉਰਫ ਸ਼ੀਪਾ ਪੁੱਤਰ ਮਨਜਿੰਦਰ ਸਿੰਘ ਵਾਸੀ ਉੱਗੀ ਦੱਸਿਆ। ਉਸ ਦੇ 2 ਸਾਥੀ ਅਮਨ ਅੰਬੂ ਪੁੱਤਰ ਰਮੇਸ਼ ਤੇ ਸੰਦੀਪ ਉਰਫ ਜੰਗਲੀ ਪੁੱਤਰ ਬੱਗੇ ਦੋਵੇ ਵਾਸੀ ਪਿੰਡ ਉੱਗੀ ਨੇ ਰਲ ਕੇ ਪਿੰਡ ਰਸੂਲਪੁਰ ਕਲਾਂ ਦਾ ਮੰਦਰ, ਉੱਗੀ ਤੇ ਮੱਲ੍ਹੀਆਂ ਕਲਾਂ ’ਚ ਰਲ ਕੇ ਚੋਰੀਆ ਕੀਤੀਆਂ ਹਨ। ਸੰਦੀਪ ਕੁਮਾਰ ਉਰਫ ਸ਼ੀਪਾ ਪੁੱਤਰ ਮਨਜਿੰਦਰ ਸਿੰਘ ਤੋਂ ਇਕ ਸੋਨੇ ਦੀ ਚੇਨ, ਇਕ ਸੋਨੇ ਦਾ ਲੌਕਟ ਤੇ ਇਕ ਸੋਨੇ ਦੀ ਮੁੰਦਰੀ ਬਰਾਮਦ ਕੀਤੀ ਗਈ। ਬਾਕੀ ਚੋਰ ਗਿਰੋਹ ਦੇ ਮੈਂਬਰਾ ਦੀ ਭਾਲ ਵਾਸਤੇ ਪੁਲਸ ਪਾਰਟੀ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।

ਨਸ਼ਾ ਪੂਰਤੀ ਲਈ ਪਿਸਤੌਲ ਦਿਖਾ ਕੇ ਰਾਹਗੀਰਾਂ ਨੂੰ ਬਣਾਉਂਦੇ ਸਨ ਨਿਸ਼ਾਨਾ

ਲੁਧਿਆਣਾ 1 ਫਰਵਰੀ। ਹਥਿਆਰਾਂ ਦੇ ਜ਼ੋਰ ’ਤੇ ਰਾਹਗੀਰਾਂ ਦੀ ਲੁੱਟ-ਖੋਹ ਕਰਨ ਵਾਲੇ ਦੋ ਮੁਲਜ਼ਮਾਂ ਨੂੰ ਥਾਣਾ ਪੀ. ਏ. ਯੂ. ਦੀ ਪੁਲਸ ਨੇ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਤੋਂ 32 ਬੋਰ ਦੀ ਪਿਸਤੌਲ, 4 ਕਾਰਤੂਸ, ਵਾਰਦਾਤਾਂ ਵਿਚ ਵਰਤਿਆ ਬਾਈਕ, ਲੈਪਟਾਪ ਤੇ 4 ਮੋਬਾਈਲ ਬਰਾਮਦ ਕੀਤੇ ਹਨ। ਮੁਲਜ਼ਮ ਪ੍ਰਤਾਪ ਸਿੰਘ ਵਾਲਾ ਦਾ ਰਹਿਣ ਵਾਲਾ ਪ੍ਰਦੀਪ ਕੁਮਾਰ ਉਰਫ ਲੱਲਾ ਅਤੇ ਹੈਬੋਵਾਲ ਕਲਾਂ ਦਾ ਸੋਨੂੰ ਕੁਮਾਰ ਹੈ। ਦੋਵੇਂ ਮੁਲਜ਼ਮਾਂ ਨੂੰ ਪੁਲਸ ਨੇ ਅਦਾਲਤ ਵਿਚ ਪੇਸ਼ ਕਰਕੇ ਦੋ ਦਿਨਾਂ ਦੇ ਪੁਲਸ ਰਿਮਾਂਡ ’ਤੇ ਭੇਜ ਦਿੱਤਾ ਹੈ। ਏ. ਡੀ. ਸੀ. ਪੀ. ਸ਼ੁਭਮ ਅਗਰਵਾਲ ਨੇ ਦੱਸਿਆ ਕਿ ਐੱਸ. ਐੱਚ. ਓ. ਰਜਿੰਦਰਪਾਲ ਸਿੰਘ ਦੀ ਅਗਵਾਈ ਵਿਚ ਏ. ਐੱਸ. ਆਈ. ਕਮਲਜੀਤ ਸਿੰਘ ਪੁਲਸ ਪਾਰਟੀ ਦੇ ਨਾਲ ਇਲਾਕੇ ਵਿਚ ਗਸ਼ਤ ਕਰ ਰਹੇ ਸਨ। ਇਸੇ ਦੌਰਾਨ ਪੁਲਸ ਨੂੰ ਸੂਚਨਾ ਮਿਲੀ ਕਿ ਦੋਵੇਂ ਮੁਲਜ਼ਮ ਲੁੱਟ-ਖੋਹ ਅਤੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ। ਉਹ ਕਈ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਚੁੱਕੇ ਹਨ। ਇਹ ਵੀ ਪੜ੍ਹੋ : ਕੇਂਦਰੀ ਮੰਤਰੀ ਸ਼ੇਖਾਵਤ ਨੇ ਲਿਆ ਸਕਾਈ ਡਾਈਵਿੰਗ ਦਾ ਆਨੰਦ, ਆਸਮਾਨ ‘ਚ ਉੱਡਦੇ ਜਹਾਜ ਤੋਂ ਮਾਰੀ ਛਾਲ ਪੁਲਸ ਨੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਕੇ ਹਥਿਆਰ ਬਰਾਮਦ ਕੀਤੇ ਹਨ। ਮੁੱਢਲੀ ਪੁੱਛਗਿੱਛ ਵਿਚ ਪਤਾ ਲੱਗਾ ਹੈ ਕਿ

ਮੁਲਜ਼ਮ ਨਸ਼ਾ ਕਰਨ ਦੇ ਆਦੀ ਹਨ ਤੇ ਨਸ਼ਾ ਪੂਰਾ ਕਰਨ ਲਈ ਹੀ ਰਾਹਗੀਰਾਂ ਨਾਲ ਵਾਰਦਾਤਾਂ ਕਰਦੇ ਹਨ। ਪੁਲਸ ਮੁਤਾਬਕ ਮੁਲਜ਼ਮ ਇਲਾਕੇ ਵਿਚ ਚੋਰੀ ਅਤੇ ਲੁੱਟ-ਖੋਹ ਦੀਆਂ ਕਰੀਬ 15 ਤੋਂ ਵੱਧ ਵਾਰਦਾਤਾਂ ਕਰ ਚੁੱਕੇ ਹਨ। ਮੁਲਜ਼ਮ ਲੱਲਾ ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਇਲਾਕੇ ਦਾ ਰਹਿਣ ਵਾਲਾ ਹੈ। ਉਹ ਅਲੀਗੜ੍ਹ ਦੇ ਆਪਣੇ ਇਕ ਜਾਣਕਾਰ ਜ਼ਰੀਏ ਨਾਜਾਇਜ਼ ਹਥਿਆਰ ਲੈ ਕੇ ਆਇਆ ਸੀ। ਉਸੇ ਹਥਿਆਰ ਦੇ ਜ਼ੋਰ ’ਤੇ ਉਹ ਇਲਾਕੇ ਵਿਚ ਵਾਰਦਾਤਾਂ ਕਰਦੇ ਸਨ। ਪੁਲਸ ਮੁਲਜ਼ਮਾਂ ਤੋਂ ਪੁੱਛਗਿੱਛ ਕਰ ਕੇ ਪਤਾ ਲਾਉਣ ਵਿਚ ਜੁਟੀ ਹੈ ਕਿ ਉਨ੍ਹਾਂ ਦੇ ਨਾਲ ਕਿੰਨੇ ਲੋਕ ਸ਼ਾਮਲ ਹਨ।

ਅਣਪਛਾਤੇ ਵਾਹਨ ਦੀ ਫੇਟ ਵੱਜਣ ਕਾਰਨ ਨੌਜਵਾਨ ਦੀ ਮੌਤ

ਕਾਲਾ ਸੰਘਿਆਂ 1 ਫਰਵਰੀ। ਕਾਲਾ ਸੰਘਿਆਂ ਤੋਂ ਡੱਲਾ-ਸੁਲਤਾਨਪੁਰ ਲੋਧੀ ਰੋਡ ’ਤੇ ਬੀਤੀ ਰਾਤ ਪਿੰਡ ਸੰਧੂ ਚੱਠਾ ਮੋੜ ’ਤੇ ਕਥਿਤ ਤੌਰ ’ਤੇ ਕਿਸੇ ਅਣਪਛਾਤੇ ਵਾਹਨ ਦੀ ਫੇਟ ਵੱਜਣ ਕਾਰਨ ਇਕ ਨੌਜਵਾਨ ਦੀ ਮੌਤ ਹੋ ਗਈ। ਪੁਲਸ ਚੌਕੀ ਦੇ ਇੰਚਾਰਜ ਸਬ ਇੰਸਪੈਕਟਰ ਸਰਬਜੀਤ ਸਿੰਘ ਨੇ ਦੱਸਿਆ ਕਿ ਬੀਤੀ ਦੇਰ ਰਾਤ ਕਿਸੇ ਅਣਪਛਾਤੇ ਵਾਹਨ ਦੀ ਟੱਕਰ ਵੱਜਣ ਕਾਰਨ ਇਕ ਨੌਜਵਾਨ ਦੀ ਮੌਕੇ ’ਤੇ ਮੌਤ ਹੋ ਗਈ, ਜਿਸ ਕੋਲੋਂ ਕੋਈ ਪਛਾਣ ਪੱਤਰ ਨਾ ਮਿਲਣ ਕਾਰਨ ਮ੍ਰਿਤਕ ਨੌਜਵਾਨ ਦੀ ਪਛਾਣ ਨਹੀਂ ਹੋ ਸਕੀ। ਚੌਕੀ ਇੰਚਾਰਜ ਨੇ ਕਿਹਾ ਕਿ ਮ੍ਰਿਤਕ ਨੌਜਵਾਨ ਦੀ ਉਮਰ 25 ਤੋਂ 30 ਦੇ ਕਰੀਬ ਹੈ ਅਤੇ ਕੱਦ 5 ਫੁੱਟ 6 ਇੰਚ ਸਰੀਰ ਪਤਲਾ ਹੈ। ਨੌਜਵਾਨ ਦੇ ਨੀਲੇ ਰੰਗ ਦੀ ਜੀਨ ਦੀ ਪੈਂਟ, ਸੰਤਰੀ ਰੰਗ ਦੀ ਟੀ-ਸਰਟ ਪਾਈ ਹੋਈ ਹੈ। ਪੁਲਸ ਵੱਲੋਂ ਅਣਪਛਾਤੇ ਨੌਜਵਾਨ ਦੀ ਲਾਸ਼ ਨੂੰ ਆਪਣੇ ਕਬਜੇ ਵਿਚ ਲੈ ਕੇ 72 ਘੰਟਿਆਂ ਲਈ ਸਨਾਖਤ ਲਈ ਸਥਾਨਕ ਮੋਰਚਰੀ ਵਿਚ ਰੱਖਿਆ ਗਿਆ ਹੈ।

ਪੇਸ਼ਾਵਰ ਦੇ ਅਕਬਰਪੁਰਾ ’ਚ ਇਕ ਪੱਤਰਕਾਰ ਦਾ ਗੋਲੀ ਮਾਰ ਕੇ ਕਤਲ

ਗੁਰਦਾਸਪੁਰ/ਪਾਕਿਸਤਾਨ 1 ਫਰਵਰੀ। ਪਿਸਾਵਰ ਦੇ ਇੱਕ ਪੱਤਰਕਾਰ ਦੀ ਨੌਸਹਿਰਾ ਜ਼ਿਲ੍ਹੇ ਦੇ ਅਕਬਰਪੁਰਾ ਇਲਾਕੇ ਵਿੱਚ ਅਣਪਛਾਤੇ ਹਮਲਾਵਰਾਂ ਵੱਲੋਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮ੍ਰਿਤਕ ਦੇ ਭਰਾ ਅਨਵਰ ਜੇਬ ਵੱਲੋਂ ਅਕਬਰਪੁਰਾ ਥਾਣੇ ਵਿੱਚ ਦਰਜ ਕਰਵਾਈ ਐੱਫ. ਆਈ. ਆਰ. ਅਨੁਸਾਰ ਉਹ ਅਤੇ ਉਸ ਦਾ ਭਰਾ ਹਸਨ ਜੇਬ ਇੱਕ ਕਾਰ ਵਿੱਚ ਜਾ ਰਹੇ ਸਨ ਇਸ ਦੌਰਾਨ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਉਸ ਦੇ ਭਰਾ ’ਤੇ ਗੋਲੀਆਂ ਚਲਾ ਦਿੱਤੀਆਂ। ਸਰਹੱਦ ਪਾਰਲੇ ਸੂਤਰਾਂ ਅਨੁਸਾਰ ਅਨਵਰ ਜੇਬ ਨੇ ਪੁਲਸ ਨੂੰ ਦੱਸਿਆ ਕਿ ਉਹ ਹਮਲੇ ’ਚ ਸੁਰੱਖਿਅਤ ਬਚ ਗਿਆ ,ਪਰ ਉਸ ਦੇ ਭਰਾ ਦੀ ਮੌਕੇ ’ਤੇ ਹੀ ਮੌਤ ਹੋ ਗਈ। 40 ਸਾਲਾ ਹਸਨ ਜੇਬ ਪੇਸਾਵਰ ਸਥਿਤ ਉਰਦੂ ਅਖਬਾਰ ‘ਆਜ’ ਨਾਲ ਜੁੜਿਆ ਹੋਇਆ ਸੀ ਅਤੇ ਖੈਬਰ ਯੂਨੀਅਨ ਆਫ ਜਰਨਲਿਸਟ ਅਤੇ ਪੇਸਾਵਰ ਪ੍ਰੈੱਸ ਕਲੱਬ (ਪੀ. ਪੀ. ਸੀ.) ਦਾ ਮੈਂਬਰ ਸੀ। ਪੱਤਰਕਾਰੀ ਵਿੱਚ ਉਹ ਬਹੁਤ ਸੀਨੀਅਰ ਸਨ। ਖੈਬਰ ਯੂਨੀਅਨ ਆਫ ਜਰਨਲਿਸਟ ਨੇ ਪੀ. ਪੀ. ਸੀ. ਦੇ ਬਾਹਰ ਰੋਸ ਮੁਜਾਹਰਾ ਕਰਕੇ ਦੋਸੀਆਂ ਦੀ ਗ੍ਰਿਫ਼ਤਾਰੀ ਅਤੇ ਪੱਤਰਕਾਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ। ਜ਼ਿਕਰਯੋਗ ਹੈ ਕਿ 18 ਜੂਨ ਨੂੰ ਲੰਡੀ ਕੋਟਲ ‘ਚ ਪੱਤਰਕਾਰ ਖਲੀਲ ਜਿਬਰਾਨ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਜਦੋਂ ਕਿ 21 ਮਈ ਨੂੰ ਮੀਰਾਮਸਾਹ ਵਿੱਚ ਇੱਕ ਪੱਤਰਕਾਰ ਕਾਮਰਾਨ ਡਾਵਰ ਦੀ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

ਦੇਸ਼ ਦਾ ਸਭ ਤੋਂ ਲੰਬਾ ਸੀ-ਬ੍ਰਿਜ; ਹੁਣ 20 ਮਿੰਟ ‘ਚ ਤੈਅ ਹੋਵੇਗਾ 2 ਘੰਟੇ ਦਾ ਸਫਰ

ਮੁੰਬਈ 1 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਦੇਸ ਦੇ ਸਭ ਤੋਂ ਲੰਬੇ ਸੀ-ਬ੍ਰਿਜ ਅਟਲ ਸੇਤੂ ਦਾ ਉਦਘਾਟਨ ਕੀਤਾ। ਇਹ ਬ੍ਰਿਜ ਮੁੰਬਈ ਨੂੰ ਨਵੀ ਮੁੰਬਈ ਨਾਲ ਜੋੜੇਗਾ। ਇਸ ਨਾਲ ਦੋ ਘੰਟੇ ਦਾ ਸਫਰ 20 ਮਿੰਟ ’ਚ ਪੂਰਾ ਹੋ ਜਾਵੇਗਾ। ਪ੍ਰਧਾਨ ਮੰਤਰੀ ਮੋਦੀ ਨੇ ਦਸੰਬਰ 2016 ‘ਚ ਇਸ ਪੁਲ ਦਾ ਨੀਂਹ ਪੱਥਰ ਰੱਖਿਆ ਸੀ। ਪੁਲ ਦੀ ਕੁੱਲ ਲਾਗਤ 17 ਹਜਾਰ 843 ਕਰੋੜ ਰੁਪਏ ਹੈ। 21.8 ਕਿਲੋਮੀਟਰ ਲੰਬੇ ਸਿਕਸ ਲੇਨ ਵਾਲੇ ਬ੍ਰਿਜ ਨੂੰ ਮੁੰਬਈ ਟਰਾਂਸ ਹਾਰਬਰ ਸੀਲਿੰਕ ਵਜੋਂ ਵੀ ਜਾਣਿਆ ਜਾਂਦਾ ਹੈ। ਪੁਲ ਦਾ 16.5 ਕਿਲੋਮੀਟਰ ਹਿੱਸਾ ਸਮੁੰਦਰ ਉੱਤੇ ਹੈ, ਜਦੋਂ ਕਿ 5.5 ਕਿਲੋਮੀਟਰ ਹਿੱਸਾ ਜਮੀਨ ਉੱਤੇ ਹੈ। ਇਸ ਪੁਲ ਦੀ ਸਮਰੱਥਾ ਰੋਜਾਨਾ 70 ਹਜਾਰ ਵਾਹਨਾਂ ਦੀ ਹੈ। ਇਸ ਸਮੇਂ ਪੁਲ ਤੋਂ ਰੋਜਾਨਾ ਕਰੀਬ 50 ਹਜਾਰ ਵਾਹਨ ਲੰਘਦੇ ਹਨ। ਇਸ ਦੀ ਉਸਾਰੀ ਵਿਚ 177,903 ਮੀਟ੍ਰਿਕ ਟਨ ਸਟੀਲ ਦੀ ਵਰਤੋਂ ਕੀਤੀ ਗਈ ਹੈ ਜੋ ਕਿ 500 ਬੋਇੰਗ ਹਵਾਈ ਜਹਾਜਾਂ ਦੇ ਭਾਰ ਦੇ ਬਰਾਬਰ ਹੈ ਅਤੇ ਏਫਿਲ ਟਾਵਰ ਦੇ ਭਾਰ ਦਾ 17 ਗੁਣਾ ਹੈ। ਇਕ ਵੈੱਬਸਾਈਟ ਮੁਤਾਬਕ ਪੁਲ ਦੀ ਵਰਤੋਂ ਨਾਲ ਹਰ ਸਾਲ ਇਕ ਕਰੋੜ ਲੀਟਰ ਈਂਧਨ ਦੀ ਬਚਤ ਹੋਣ ਦਾ ਅੰਦਾਜਾ ਹੈ। ਇਹ ਹਰ ਰੋਜ 10 ਮਿਲੀਅਨ ਈਵੀ ਤੋਂ ਬਚਣ ਵਾਲੇ ਈਂਧਨ ਦੇ ਬਰਾਬਰ ਹੈ। ਇਸ ਤੋਂ ਇਲਾਵਾ ਪ੍ਰਦੂਸਣ ਦੇ ਪੱਧਰ ’ਚ ਕਮੀ ਆਉਣ ਨਾਲ ਕਰੀਬ 25 ਹਜਾਰ 680 ਮੀਟ੍ਰਿਕ ਟਨ ਕਾਰਬਨ ਦਾ ਨਿਕਾਸ ਵੀ ਘੱਟ ਹੋਵੇਗਾ। ਬ੍ਰਿਜ ’ਤੇ 400 ਸੀ. ਸੀ. ਟੀ. ਵੀ. ਕੈਮਰੇ ਲਗਾਏ ਗਏ ਹਨ। ਪੰਛੀਆਂ ਅਤੇ ਸਮੁੰਦਰੀ ਜੀਵਾਂ ਦੀ ਸੁਰੱਖਿਆ ਲਈ ਪੁਲ ’ਤੇ ਸਾਊਂਡ ਬੈਰੀਅਰ ਅਤੇ ਐਡਵਾਂਸ ਲਾਈਟਿੰਗ ਲਗਾਈ ਗਈ ਹੈ। ਬ੍ਰਿਜ ਦੀ ਲਾਈਫ 100 ਸਾਲ ਹੋਵੇਗੀ। ਮੋਟਰਸਾਈਕਲ ਤੇ ਥ੍ਰੀ-ਵ੍ਹੀਲਰ ’ਤੇ ਪਾਬੰਦੀ ਹੋਵੇਗੀ ਲੋਕਾਂ ਦੀ ਸੁਰੱਖਿਆ ਨੂੰ ਧਿਆਨ ’ਚ ਰੱਖਦੇ ਹੋਏ ਕੁਝ ਜਰੂਰੀ ਦਿਸਾ-ਨਿਰਦੇਸ ਵੀ ਜਾਰੀ ਕੀਤੇ ਗਏ ਹਨ। ਇਸ ਤਹਿਤ ਪੁਲ ’ਤੇ ਮੋਟਰਸਾਈਕਲ, ਮੋਪੇਡ, ਥ੍ਰੀ-ਵ੍ਹੀਲਰ, ਆਟੋ ਅਤੇ ਟਰੈਕਟਰ ਨਹੀਂ ਚੱਲਣਗੇ। ਚਾਰ ਪਹੀਆ ਜਾਂਦਾ ਹੈ। ਪੁਲ ਦਾ 16.5 ਕਿਲੋਮੀਟਰ ਹਿੱਸਾ ਸਮੁੰਦਰ ਉੱਤੇ ਹੈ, ਜਦੋਂ ਕਿ 5.5 ਕਿਲੋਮੀਟਰ ਹਿੱਸਾ ਜਮੀਨ ਉੱਤੇ ਹੈ। ਇਸ ਪੁਲ ਦੀ ਸਮਰੱਥਾ ਰੋਜਾਨਾ 70 ਹਜਾਰ ਵਾਹਨਾਂ ਦੀ ਹੈ। ਇਸ ਸਮੇਂ ਪੁਲ ਤੋਂ ਰੋਜਾਨਾ ਕਰੀਬ 50 ਹਜਾਰ ਵਾਹਨ ਲੰਘਦੇ ਹਨ। ਇਸ ਦੀ ਉਸਾਰੀ ਵਿਚ 177,903 ਮੀਟ੍ਰਿਕ ਟਨ ਸਟੀਲ ਦੀ ਵਰਤੋਂ ਕੀਤੀ ਗਈ ਹੈ ਜੋ ਕਿ 500 ਬੋਇੰਗ ਹਵਾਈ ਜਹਾਜਾਂ ਦੇ ਭਾਰ ਦੇ ਬਰਾਬਰ ਹੈ ਅਤੇ ਏਫਿਲ ਟਾਵਰ ਦੇ ਭਾਰ ਦਾ 17 ਗੁਣਾ ਹੈ। ਇਕ ਵੈੱਬਸਾਈਟ ਮੁਤਾਬਕ ਪੁਲ ਦੀ ਵਰਤੋਂ ਵਾਹਨ, ਮਿੰਨੀ ਬੱਸ ਅਤੇ ਦੋ ਐਕਸਲ ਵਹੀਕਲਾਂ ਦੀ ਵੱਧ ਤੋਂ ਵੱਧ ਸਪੀਡ 100 ਕਿਲੋਮੀਟਰ ਪ੍ਰਤੀ ਘੰਟਾ ਤੈਅ ਕੀਤੀ ਗਈ ਹੈ। ਪੁਲ ਦੇ ਚੜ੍ਹਨ ਅਤੇ ਉਤਰਨ ’ਤੇ ਰਫਤਾਰ 40 ਕਿਲੋਮੀਟਰ ਪ੍ਰਤੀ ਘੰਟਾ ਤੋਂ ਵੱਧ ਨਹੀਂ ਹੋਵੇਗੀ। ਪੁਲ ਦੀ ਉਸਾਰੀ ਸਮੁੰਦਰ ਤਲ ਤੋਂ 15 ਮੀਟਰ ਦੀ ਉਚਾਈ ’ਤੇ ਕੀਤੀ ਗਈ ਹੈ। ਇਸ ਦੇ ਲਈ ਸਮੁੰਦਰੀ ਤਲ ਵਿਚ 47 ਮੀਟਰ ਤੱਕ ਡੂੰਘੀ ਖੋਦਾਈ ਕਰਨੀ ਪਈ। ਪੁਲ ਦੇ ਆਲੇ-ਦੁਆਲੇ ਭਾਭਾ ਪ੍ਰਮਾਣੂ ਖੋਜ ਕੇਂਦਰ, ਓ. ਐੱਨ. ਜੀ. ਸੀ. ਅਤੇ ਜੇ. ਐੱਨ. ਪੀ. ਟੀ. ਵਰਗੇ ਸੰਵੇਦਨਸੀਲ ਖੇਤਰ ਹਨ। ਇਸ ਦੇ ਮੱਦੇਨਜਰ ਪੁਲ ਦੇ 8.5 ਕਿਲੋਮੀਟਰ ਹਿੱਸੇ ਵਿਚ ਨੁਆਏਜ ਬੈਰੀਅਰ ਬਣਾਏ ਗਏ ਹਨ ਅਤੇ 6 ਕਿਲੋਮੀਟਰ ਦੇ ਹਿੱਸੇ ਵਿਚ ਸਾਈਡ ਬੈਰੀਕੇਡਿੰਗ ਕੀਤੀ ਗਈ ਹੈ। ਪੁਲ ਬਾਰੇ ਪਹਿਲੀ ਵਾਰ 1962 ਵਿਚ ਸਟੱਡੀ ਕੀਤੀ ਗਈ ਸੀ। 1994 ਵਿਚ ਇਸਦੀ ਫਿਜੀਬਿਲਿਟੀ ਰਿਪੋਰਟ ਬਣਾਈ ਗਈ। ਹਾਲਾਂਕਿ ਇਸ ਤੋਂ ਬਾਅਦ ਵੀ ਪ੍ਰਾਜੈਕਟ ’ਤੇ ਕੰਮ ਰੁਕਿਆ ਰਿਹਾ। ਇਸ ਦਾ ਟੈਂਡਰ 2006 ਵਿਚ ਜਾਰੀ ਕੀਤਾ ਗਿਆ ਸੀ ਪਰ ਕੰਮ ਨਹੀਂ ਹੋ ਸਕਿਆ।

ਡਿਪਟੀ ਕਮਿਸ਼ਨਰ ਪੁਲਸ ਅੰਕੁਰ ਗੁਪਤਾ ਵਲੋਂ ਹੁਕਮ ਜਾਰੀ, ਪਾਰਕਿੰਗ ਵਾਲੀਆਂ ਥਾਵਾਂ ’ਤੇ ਲਗਾਉਣ ਦੇ ਹੁਕਮ

ਜਲੰਧਰ 1 ਫਰਵਰੀ। ਡਿਪਟੀ ਕਮਿਸ਼ਨਰ ਪੁਲਸ ਅੰਕੁਰ ਗੁਪਤਾ ਨੇ ਜਾਬਤਾ ਫੌਜਦਾਰੀ ਸੰਘਤਾ 1973 ਦੀ ਧਾਰਾ 144 ਅਧੀਨ

ਹੁਕਮ ਜਾਰੀ ਕੀਤਾ ਹੈ ਕਿ ਪੁਲਸ ਕਮਿਸ਼ਨਰੇਟ ਦੀ ਹਦੂਦ ਅੰਦਰ ਪੈਂਦੀਆਂ ਵਾਹਨ ਖੜ੍ਹੀਆਂ ਕਰਨ ਦੀਆਂ ਥਾਵਾਂ ਜਿਵੇਂ ਰੇਲਵੇ ਸਟੇਸ਼ਨ, ਬੱਸ ਸਟੈਂਡ, ਧਾਰਮਿਕ ਥਾਵਾਂ, ਹਸਪਤਾਲ, ਭੀੜ ਵਾਲੇ ਬਜਾਰਾਂ ਅਤੇ ਹੋਰ ਵਾਹਨ ਪਾਰਕ ਕਰਨ ਲਈ ਬਣੀਆਂ ਥਾਵਾਂ ਆਦਿ ਦੇ ਮਾਲਕ/ਪ੍ਰਬੰਧਕ (ਕੰਪਲੈਕਸ ਦੇ ਅੰਦਰ ਜਾਂ ਬਾਹਰ) ਸੀ. ਸੀ. ਟੀ. ਵੀ. ਕੈਮਰੇ ਲਗਾਏ ਬਿਨਾਂ ਵਾਹਨ ਪਾਰਕਿੰਗ ਨਹੀਂ ਚਲਾਉਣਗੇ। ਜਾਰੀ ਹੁਕਮਾਂ ’ਚ ਕਿਹਾ ਗਿਆ ਹੈ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸੀ. ਸੀ. ਟੀ. ਵੀ. ਕੈਮਰੇ ਇਸ ਤਰੀਕੇ ਨਾਲ ਲਗਾਏ ਜਾਣ ਕਿ ਜੋ ਵਾਹਨ ਪਾਰਕਿੰਗ ਦੇ ਅੰਦਰ/ਬਾਹਰ ਆਉਂਦਾ-ਜਾਂਦਾ ਹੈ, ਉਸ ਵਾਹਨ ਦੀ ਨੰਬਰ ਪਲੇਟ ਅਤੇ ਵਾਹਨ ਚਲਾਉਣ ਵਾਲੇ ਵਿਅਕਤੀ ਦਾ ਚਿਹਰਾ ਸਾਫ਼ ਨਜ਼ਰ ਆਵੇ ਅਤੇ ਇਸ ਸਬੰਧੀ ਲਗਾਏ ਗਏ ਸੀ. ਸੀ. ਟੀ. ਵੀ. ਕੈਮਰਿਆਂ ਦੀ 45 ਦਿਨ ਦੀ ਰਿਕਾਰਡਿੰਗ ਦੀ ਸੀ. ਡੀ. ਤਿਆਰ ਕਰਨ ਉਪਰੰਤ ਹਰ 15 ਦਿਨ ਬਾਅਦ ਸਕਿਓਰਿਟੀ ਬ੍ਰਾਂਚ ਦਫ਼ਤਰ ਪੁਲਸ ਕਮਿਸ਼ਨਰ ਜਲੰਧਰ ’ਚ ਜਮਾਂ ਕਰਵਾਈ ਜਾਵੇ। ਇਸੇ ਤਰ੍ਹਾਂ ਵਾਹਨ ਪਾਰਕ ਕਰਨ ਵਾਲੇ ਵਾਹਨ ਮਾਲਕਾਂ ਦਾ ਰਿਕਾਰਡ ਜੇਕਰ ਵਾਹਨ ਇੱਕ ਦਿਨ ਲਈ ਖੜ੍ਹਾ ਕਰਨਾ ਹੋਵੇ ਤਾਂ ਰਜਿਸਟਰ ’ਚ ਉਸ ਦਾ ਅੰਦਰਾਜ ਵਾਹਨ ਮਾਲਕ ਦਾ ਨਾਂ ,ਮੋਬਾਇਲ ਨੰਬਰ, ਆਈ. ਡੀ., ਵਾਹਨ ਦੀ ਕਿਸਮ, ਰਜਿਸਟਰੇਸ਼ਨ ਨੰਬਰ, ਚੈਸੀ ਨੰਬਰ, ਇੰਜਣ ਨੰਬਰ, ਵਾਹਨ ਪਾਰਕ ਕਰਨ ਦੀ ਮਿਤੀ ਅਤੇ ਵਾਹਨ ਵਾਪਿਸ ਲੈਣ ਦੀ ਮਿਤੀ ਦਰਜ ਕਰਨ ਤੋਂ ਇਲਾਵਾ ਵਾਹਨ ਮਾਲਕ ਦੇ ਰਜਿਸਟਰ ਉਪਰ ਦਸਤਖਤ ਕਰਵਾਏ ਜਾਣ। ਹੁਕਮਾਂ ’ਚ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਵਾਹਨ ਇੱਕ ਦਿਨ ਤੋਂ ਵੱਧ ਸਮੇਂ ਲਈ ਖੜ੍

ਔਰਤਾਂ ਨੂੰ ਸਿਹਤ ਅਤੇ ਕਰੀਅਰ ਵਿਕਾਸ ਬਾਰੇ ਦਿੱਤੀ ਜਾਣਕਾਰੀ

ਪੀਐਚਡੀਸੀਸੀਆਈ ਸ਼ੀ-ਫੋਰਮ ਨੇ ਕੀਤਾ ਵਿਸ਼ੇਸ਼ ਸੈਸ਼ਨ ਦਾ ਆਯੋਜਨ

ਚੰਡੀਗੜ੍ਹ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੀਐਚਡੀ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਦੀ ਮਹਿਲਾ ਵਿੰਗ, ਸ਼ੀ-ਫੋਰਮ ਵੱਲੋਂ ਔਰਤਾਂ ਦੀ ਸਿਹਤ, ਕਰੀਅਰ ਕਾਉਂਸਲਿੰਗ ਅਤੇ ਸਾਫਟ ਸਕਿੱਲਜ਼ 'ਤੇ ਚਰਚਾ ਕਰਨ ਲਈ ਵਿਸ਼ੇਸ਼ ਸੈਸ਼ਨ ਦਾ ਆਯੋਜਨ ਕੀਤਾ ਗਿਆ।

ਆਪਣੇ ਉਦਘਾਟਨੀ ਭਾਸ਼ਣ ਵਿੱਚ, ਸ਼ੀ-ਫੋਰਮ ਦੀ ਪ੍ਰਧਾਨ ਸ਼੍ਰੀਮਤੀ ਪੂਜਾ ਨਾਇਰ ਨੇ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਨ ਅਤੇ ਜੀਵਨ ਦੇ ਸਾਰੇ ਖੇਤਰਾਂ ਵਿੱਚ ਔਰਤਾਂ ਨੂੰ ਸਸ਼ਕਤ ਬਣਾਉਣ ਦੇ ਫੋਰਮ ਦੇ ਮਿਸ਼ਨ 'ਤੇ ਚਾਨਣਾ ਪਾਇਆ। ਪੀਐਚਡੀ ਸੀਸੀਆਈ ਦੇ ਖੇਤਰੀ ਨਿਰਦੇਸ਼ਕ ਭਾਰਤੀ ਸੂਦ ਨੇ ਔਰਤਾਂ ਨੂੰ ਨਿੱਜੀ ਅਤੇ ਪੇਸ਼ੇਵਰ ਉੱਤਮਤਾ ਲਈ ਲੋੜੀਂਦੇ ਸਾਧਨਾਂ ਅਤੇ ਗਿਆਨ ਨਾਲ ਲੈਸ ਕਰਨ ਲਈ ਸ਼ੀ-ਫੋਰਮ ਦੀ ਵਚਨਬੱਧਤਾ ਨੂੰ ਦੁਹਰਾਇਆ।

ਸੈਸ਼ਨ ਦਾ ਸੰਚਾਲਨ ਕਰਦੇ ਹੋਏ ਸੁਨੈਨਾ ਨਿਗਮ ਨੇ ਨਿੱਜੀ ਅਤੇ ਪੇਸ਼ੇਵਰ ਵਿਕਾਸ ਵਿੱਚ ਸਸ਼ਕਤ ਬਣਨ ਦੀ ਸਾਰਥਕਤਾ 'ਤੇ ਜ਼ੋਰ ਦਿੱਤਾ। ਸਮਾਗਮ ਵਿੱਚ ਫੋਰਟਿਸ ਹਸਪਤਾਲ ਮੋਹਾਲੀ ਦੀ ਗਾਇਨੀ ਓਨਕੋਸਰਜਰੀ ਸਲਾਹਕਾਰ ਡਾ. ਸ਼ਵੇਤਾ ਤਹਲਾਨ ਨੇ ਸਰਵਾਈਕਲ ਕੈਂਸਰ ਜਾਗਰੂਕਤਾ ਬਾਰੇ ਬੋਲਦੇ ਹੋਏ ਸ਼ੁਰੂਆਤੀ ਲੱਛਣਾਂ ਅਤੇ ਜਲਦੀ ਪਤਾ ਲਗਾਉਣ ਦੇ ਤਰੀਕਿਆਂ ਬਾਰੇ ਦੱਸਿਆ। ਉਨ੍ਹਾਂ ਨੇ ਔਰਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਹੋਰ ਕੈਂਸਰਾਂ, ਜਿਵੇਂ ਕਿ ਅੰਡਕੋਸ਼ ਕੈਂਸਰ, ਛਾਤੀ ਦਾ ਕੈਂਸਰ, ਅਤੇ ਐਂਡੋਮੈਟਰੀਅਲ ਕੈਂਸਰ, ਬਾਰੇ ਵੀ ਕੀਮਤੀ ਜਾਣਕਾਰੀ ਪ੍ਰਦਾਨ ਕੀਤੀ।

ਕਿਓਸ਼ੀ ਐਡ-ਟੈਕ ਦੀ ਸੰਸਥਾਪਕ ਸ਼੍ਰੀਮਤੀ ਰਿਸ਼ੂ ਗਰਗ ਨੇ ਨਿੱਜੀ ਰੁਚੀਆਂ ਅਤੇ ਹੁਨਰਾਂ ਨੂੰ ਕਰੀਅਰ ਦੇ ਟੀਚਿਆਂ ਨਾਲ ਜੋੜਨ ਬਾਰੇ ਗੱਲ ਕੀਤੀ। ਕਰੀਅਰ ਕੌਂਸਲਰ ਕਮ ਸਪੀਕਰ ਸ਼੍ਰੀਮਤੀ ਨੇਹਾ ਗੁਪਤਾ ਨੇ ਕਰੀਅਰ ਦੀ ਸਫਲਤਾ ਪ੍ਰਾਪਤ ਕਰਨ ਵਿੱਚ ਸੰਚਾਰ, ਲੀਡਰਸ਼ਿਪ, ਅਨੁਕੂਲਤਾ ਅਤੇ ਭਾਵਨਾਤਮਕ ਬੁੱਧੀ ਵਰਗੇ ਸਾਫ਼ਟ ਸਕਿੱਲਜ਼ ਦੀ ਮਹੱਤਤਾ 'ਤੇ ਚਾਨਣਾ ਪਾਇਆ, ਦਰਸ਼ਕਾਂ ਨੂੰ ਪ੍ਰੇਰਿਤ ਕਰਨ ਲਈ ਅਸਲ ਜੀਵਨ ਦੀਆਂ ਉਦਾਹਰਣਾਂ ਸਾਂਝੀਆਂ ਕੀਤੀਆਂ। ਇਸ ਮੌਕੇ 'ਤੇ, ਆਈਪੀਆਰ ਅਟਾਰਨੀ ਡਾ. ਸ਼ਵੇਤਾ ਸੇਨ ਥਲਵਾਲ, ਸੰਸਥਾਪਕ, ਇੰਟੀਗ੍ਰਮ ਆਈਪੀ, ਮੋਹਾਲੀ ਨੇ ਹਾਜ਼ਰੀਨ ਦੇ ਸਵਾਲਾਂ ਦੇ ਤੁਰੰਤ ਹੱਲ ਪ੍ਰਦਾਨ ਕੀਤੇ।

ਇਕ ਵਾਰ ਫਿਰ ਤੋਂ ਦਿੱਲੀ ਵਿੱਚ 'ਆਪ' ਬਣਾਵੇਗੀ ਸਰਕਾਰ : ਹਰਚੰਦ ਸਿੰਘ ਬਰਸਟ

ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਨੇ ਦਿੱਲੀ ਦੇ ਵਿਧਾਨਸਭਾ ਹਲਕੇ ਕਾਲਕਾਜੀ ਵਿੱਚ ਘਰ-ਘਰ ਜਾ ਕੇ ਕੀਤਾ ਪ੍ਰਚਾਰ, ਲੋਕਾਂ ਨੂੰ 'ਆਪ' ਵੱਲੋਂ ਕੀਤੇ ਵਿਕਾਸ ਕਾਰਜਾਂ ਤੋਂ ਕਰਾਇਆ ਜਾਣੂ

ਪਟਿਆਲਾ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ (ਆਪ), ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਦਿੱਲੀ ਵਿੱਚ ਇਕ ਵਾਰ ਫਿਰ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ। ਸ. ਬਰਸਟ ਵੱਲੋਂ ਦਿੱਲੀ ਦੇ ਵਿਧਾਨਸਭਾ ਹਲਕਾ ਕਾਲਕਾਜੀ ਦੇ ਵੱਖ-ਵੱਖ ਏਰਿਆ ਵਿੱਚ ਮੀਟਿਗਾਂ ਕਰਕੇ ਅਤੇ ਡੋਰ-ਟੂ-ਡੋਰ ਜਾ ਕੇ ਮੁੱਖ ਮੰਤਰੀ ਆਤਿਸ਼ੀ, ਜੋ ਕਿ ਕਾਲਕਾਜੀ ਤੋਂ 'ਆਪ' ਦੀ ਉਮੀਦਵਾਰ ਹਨ, ਦੇ ਪੱਖ ਵਿੱਚ ਪ੍ਰਚਾਰ ਕੀਤਾ ਗਿਆ। ਇਸ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਅਤੇ ਲੋਕ ਭਲਾਈ ਕਾਰਜਾਂ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ।

ਉਨ੍ਹਾਂ ਨੇ ਕਿਹਾ ਕਿ ਪਿਛਲੇ 10 ਸਾਲਾਂ ਦੌਰਾਨ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਦਿੱਲੀ ਵਿੱਚ ਮਿਸਾਲੀ ਵਿਕਾਸ ਕਾਰਜ ਕੀਤੇ ਗਏ ਹਨ। ਸਿਹਤ ਸਹੂਲਤਾਂ, ਸਿੱਖਿਆ ਪ੍ਰਣਾਲੀ, ਮੁਫਤ ਬਿਜਲੀ, ਪਾਣੀ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਸਮੇਤ ਹਰ ਖੇਤਰ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵੱਡੇ ਪੱਧਰ ਤੇ ਵਿਕਾਸ ਕਾਰਜਾਂ ਦੀ ਹਨੇਰੀ ਲਿਆਂਦੀ

ਗਈ ਹੈ। ਸੂਬਾ ਜਨਰਲ ਸਕੱਤਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਦਿੱਲੀ ਵਿੱਚ ਕੀਤੇ ਗਏ ਵਿਕਾਸ ਕਾਰਜਾਂ ਸਦਕਾ ਹੀ ਅੱਜ 'ਆਪ' ਲੋਕਾਂ ਦੀ ਪਹਿਲੀ ਪਸੰਦ ਬਣੀ ਹੋਈ ਹੈ। ਲੋਕਾਂ ਵੱਲੋਂ ਮਿਲ ਰਿਹਾ ਸਾਥ ਇਹ ਸਿੱਧ ਕਰਦਾ ਹੈ ਕਿ ਦਿੱਲੀ ਵਿਧਾਨਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਪੱਕੀ ਹੈ, ਕਿਉਂਕਿ ਸ੍ਰੀ ਅਰਵਿੰਦ ਕੇਜਰੀਵਾਲ ਵੱਲੋਂ ਜੋ ਵਾਅਦੇ ਕੀਤੇ ਗਏ ਸਨ, ਉਹ ਪੂਰੇ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿੱਚ ਵੀ ਚਹੁੰਪੱਖੀ ਵਿਕਾਸ ਕੀਤਾ ਜਾ ਰਿਹਾ ਹੈ। ਪੰਜਾਬ ਵਿੱਚ ਆਪ ਦੀ ਸਰਕਾਰ ਵੱਲੋਂ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਮਿਸਾਲੀ ਕੰਮ ਕੀਤੇ ਗਏ ਹਨ।600 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਬਿਨਾਂ ਕਿਸੇ ਰਿਸ਼ਵਤ ਜਾਂ ਸਿਫਾਰਸ਼ ਤੋਂ ਕਰੀਬ 50 ਹਜਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਖੇਤਾਂ ਨੂੰ ਨਹਿਰਾਂ ਦਾ ਪਾਣੀ ਦੇਣਾ, ਸਕੂਲ ਆਫ ਐਮੀਨੈਂਸ, ਸੜਕ ਸੁਰੱਖਿਆ ਫੋਰਸ ਸਮੇਤ ਪੰਜਾਬ ਵਿੱਚ ਨਵੀਂ ਇੰਡਸਟਰੀ ਲਗਾਉਣ ਲਈ ਸਾਰਥਿਕ ਕਦਮ ਚੁੱਕੇ ਗਏ ਹਨ। ਸ. ਬਰਸਟ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਿਰਫ ਤੇ ਸਿਰਫ ਵਿਕਾਸ ਦੀ ਗੱਲ ਕਰਦੀ ਹੈ ਅਤੇ ਦਿੱਲੀ ਵਿੱਚ 5 ਫਰਵਰੀ ਨੂੰ ਹੋਣ ਵਾਲੀਆਂ ਵਿਧਾਨਸਭਾ ਚੋਣਾਂ ਵਿੱਚ ਸ੍ਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ 'ਆਪ' ਇੱਕ ਵਾਰ ਫਿਰ ਤੋਂ ਸਰਕਾਰ ਬਣਾਉਣ ਜਾ ਰਹੀ ਹੈ।

ਦਰਜਾ ਚਾਰ ਕਰਮਚਾਰੀ ਮੰਗਾਂ ਸਬੰਧੀ ਹਲਕਾ ਲੰਬੀ ਵਿਖੇ 8 ਫਰਵਰੀ ਨੂੰ ਝੰਡਾ ਮਾਰਚ ਕਰਨਗੇ

ਪਟਿਆਲਾ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਲੁਬਾਣਾ, ਜਨਰਲ ਸਕੱਤਰ ਸ੍ਰੀ ਰਣਜੀਤ ਸਿੰਘ ਰਾਣਵਾ ਅਤੇ ਪਸ਼ੂ ਪਾਲਣ ਵਿਭਾਗ ਦੀ ਸਬ ਕਮੇਟੀ ਦੇ ਸੂਬਾ ਪ੍ਰਧਾਨ ਸ੍ਰੀ ਜਗਦੀਪ ਸਿੰਘ ਬਰਨਾਲਾ ਦੀ ਅਗਵਾਈ ਹੇਠ ਅਤੇ ਯੂਨੀਅਨ ਦੇ ਦਿੱਤੇ ਪ੍ਰੋਗਰਾਮ ਅਨੁਸਾਰ ਜਿਲ੍ਹਾ ਪੱਧਰ ਤੇ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਨੂੰ ਮੈਮੋਰੰਡਮ ਦਿੱਤੇ ਗਏ ਜੋ ਪੰਜਾਬ ਸਰਕਾਰ ਵਿੱਤੀ ਸਕੱਤਰ ਪਸ਼ੂ ਪਾਲਣ ਵਿਭਾਗ ਤੇ ਪੰਜਾਬ ਅਤੇ ਡਾਇਰੈਕਟਰ ਪਸ਼ੂ ਪਾਲਣ ਜੀ ਨੂੰ ਭੇਜੇ ਜਾਣੇ ਹਨ। ਜਿਸ ਵਿੱਚ ਮੁੱਖ ਮੰਗਾਂ ਦਰਜਾਚਾਰ ਕਰਮਚਾਰੀਆਂ ਦੀਆਂ ਪ੍ਰਮੋਸ਼ਨਾਂ ਅਤੇ ਕੱਚੇ ਕਰਮਚਾਰੀ ਪੱਕੇ ਕਰਨੇ ਵਿਭਾਗ ਵੱਲੋਂ ਮਨਜੂਰੀ ਪ੍ਰਾਪਤ ਹੋ ਚੁੱਕੀ 1183 ਪੋਸਟਾਂ ਕਰਨੀਆਂ ਦੀ ਭਰਤੀ ਸ਼ਾਮਿਲ ਸੀ। ਸਰਕਾਰ ਅਤੇ ਵਿਭਾਗ ਦੀ ਬੇਰੁੱਖੀ ਤੋਂ ਦੁੱਖੀ ਹੋ ਕੇ ਯੂਨੀਅਨ ਵੱਲੋਂ ਫੈਸਲਾ ਲਾ ਗਿਆ ਹੈ ਕਿ ਵਿਭਾਗਾਂ ਵੱਲੋਂ ਜੋ ਵੈਕਸੀਨ ਹੈ ਉਨ੍ਹਾਂ ਵਿੱਚ ਦਰਜਾਚਾਰ ਕਰਮਚਾਰੀ ਸਹਿਯੋਗ ਨਹੀਂ ਕਰਨਗੇ ਤੇ ਬਾਈਕਾਟ ਕਰਨਗੇ ।

ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਗੌਤਮ ਭਾਰਦਵਾਜ ਲਚਕਾਨੀ ਜੀ ਨੇ ਦੱਸਦਿਆ ਕਿਹਾ ਕਿ ਜਿੰਨਾ ਸਮਾਂ ਸਰਕਾਰ ਵੱਲੋਂ ਮੀਟਿੰਗ ਲਈ ਸਮਾਂ ਨਹੀਂ ਦਿੱਤਾ ਜਾਂਦਾ ਹਰ ਰੋਜ ਕਾਲੇ ਬਿੱਲੇ ਲਾ ਕੇ ਡਿਊਟੀ ਤੇ ਹਾਜਰ ਹੋਣਗੇ ਤੇ ਮਿਤੀ 8-2-2025 ਨੂੰ ਪਸ਼ੂ ਪਾਲਣ ਵਿਭਾਗ ਦੇ ਮੰਤਰੀ ਸਾਹਿਬ ਦੇ ਹਲਕਾ ਲੰਬੀ ਵਿਖੇ ਝੰਡਾ ਮਾਰਚ ਕੀਤਾ ਜਾਵੇਗਾ।

ਇਸ ਲਈ ਵਿਭਾਗ ਅਤੇ ਪੰਜਾਬ ਸਰਕਾਰ ਨੂੰ ਪੁਰਜੋਰ ਅਪੀਲ ਕੀਤੀ ਜਾਂਦੀ ਹੈ ਕਿ ਲੰਮੇਂ ਸਮੇਂ ਤੋਂ ਲਟਕਦੀਆਂ ਦਰਜਾਚਾਰ ਕਰਮਚਾਰੀਆਂ ਦੀ ਮੰਗਾਂ ਤੇ ਵਿਚਾਰ ਕੀਤਾ ਜਾਵੇ ਅਤੇ ਮੀਟਿੰਗ ਲਈ ਸਮਾਂ ਦਿੱਤਾ ਜਾਵੇ ਜੇ ਅਜਿਹਾ ਨਹੀਂ ਹੁੰਦਾ ਅਗਲਾ ਸੰਘਰਸ਼ ਕਰਨ ਲਈ ਮਜ਼ਬੂਰ ਹੋਣਾ ਪਵੇਗਾ। ਪੀ.ਐਸ.ਐਚ.ਐਫ ਦੇ ਜਿਲ੍ਹਾ ਚੇਅਰਮੈਨ ਜਗਮੋਹਨ ਨੋਲੱਖਾ, ਸੀਨੀਅਰ ਮੀਤ ਪ੍ਰਧਾਨ ਗੌਤਮ ਭਾਰਦਵਾਜ ਪੰਜਾਬ, ਜਸਪਾਲ ਸਿੰਘ ਜਿਲ੍ਹਾ ਪ੍ਰਧਾਨ, ਸੁਖਵਿੰਦਰ ਸਿੰਘ ਮੀਤ ਪ੍ਰਧਾਨ, ਗੁਰਮੁਖ ਸਿੰਘ ਖਜਾਨਚੀ ਸੁਖਵਿਦੰਰ ਸਿੰਘ ਜਨਰਲ ਸੈਕਟਰੀ, ਇੰਦਰਪਾਲ ਸਿਘ ਚੇਅਰਮੈਨ, ਜੈ ਸਿੰਘ , ਰਿੰਕੂ ਸਿੰਘ, ਸੁਰਜੀਤ ਸਿੰਘ ਗੱਜਣ ਸਿੰਘ, ਚਮਕੌਰ ਸਿੰਘ, ਮੰਗੂ ਸਿੰਘ, ਜਤਿੰਦਰ ਸਿੰਘ, ਦਿਆ ਰਾਮ , ਗਿਆਨ ਚੰਦ, ਗੁਰਜੰਟ ਸਿੰਘ, ਰਣਬੀਰ ਸਿੰਘ ਹਰਬੰਸ ਸਿੰਘ, ਕਮਲ ਰਾਮ ਕੁਮਾਰ ।

ਜੀ.ਐਸ.ਟੀ. ਇੰਸਪੈਕਟਰ ਬਲਜਿੰਦਰ ਕੌਰ ਵਲੋਂ ਸਮਾਣਾ ਵਿਚ ਕਈ ਥਾਵਾਂ ਤੇ ਚੈਕਿੰਗ

ਸਮਾਣਾ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜੀ ਐਸ ਟੀ ਵਿਭਾਗ ਵਲੋਂ ਸਮਾਣਾ ਵਿਚ ਕਈ ਬਾਜ਼ਾਰਾਂ ਵਿਚ ਚੈਕਿੰਗ ਕੀਤੀ ਗਈ ਅਤੇ ਜਿਨ੍ਹਾਂ ਕੋਲ ਜੀਐਸਟੀ ਨੰਬਰ ਨਹੀਂ ਸੀ ਓਹਨਾ ਨੂੰ ਨੋਟਿਸ ਜਾਰੀ ਕਰਕੇ ਜੀਐਸਟੀ ਲੈਣ ਬਾਰੇ ਜਾਗਰੂਕ ਕੀਤਾ ਗਿਆ।

ਇਸ ਮੌਕੇ ਜਦੋ ਚੈਕਿੰਗ ਅਧਿਕਾਰੀ ਬਲਜਿੰਦਰ ਕੌਰ ਇੰਸਪੈਕਟਰ ਨਾਲ ਗੱਲ ਕੀਤੀ ਗਈ ਉਹਨਾਂ ਕਿਹਾ ਕਿ ਉੱਚ ਅਧਿਕਾਰੀਆਂ ਵਲੋਂ ਦਿਤੇ ਦਿਸ਼ਾ ਨਿਰਦੇਸ਼ ਇਹ ਮੁਹਿੰਮ ਸੂੱਬੇ ਭਰ ਵਿਚ ਚਲਾਈ ਜਾ ਰਹੀ ਹੈ। ਉਹਨਾਂ ਦੱਸਿਆ ਕਿ 10 ਜਨਵਰੀ ਤੋਂ ਲੈਕੇ 10 ਫਰਵਰੀ ਤਕ ਇਹ ਮੁਹਿੰਮ ਚਲਾਈ ਗਈ ਹੈ, ਜਿਸ ਵਿਚ ਉਹ ਸਮਾਣਾ ਸ਼ਹਿਰ ਦੇ ਹਰ ਬਾਜ਼ਾਰ ਵਿਚ ਜਾ ਕੇ ਦੁਕਾਨਦਾਰਾਂ ਨੂੰ ਜੀਐਸਟੀ ਬਾਰੇ ਵਿਸਤਾਰਪੂਰਵਕ ਜਾਣਕਾਰੀ ਦੇ ਰਹੇ ਹਨ ਅਤੇ ਜਿਹੜੇ ਦੁਕਾਨਦਾਰ ਜਾਣਬੁਝ ਕੇ ਟੈਕਸ ਚੋਰੀ ਕਰ ਰਹੇ ਹਨ ਓਹਨਾ ਨੂੰ ਨੋਟਿਸ ਵੀ ਦਿੱਤੇ ਜਾ ਰਹੇ ਹਨ।ਓਹਨਾ ਟੈਕਸ ਚੋਰੀ ਕਰਨ ਵਾਲਿਆਂ ਨੂੰ ਸਖ਼ਤ ਤਾੜਨਾ ਦਿੰਦਿਆਂ ਕਿਹਾ ਕਿ ਜਿਹੜੇ ਦੁਕਾਨਦਾਰ ਟੈਕਸ ਚੋਰੀ ਕਰ ਰਹੇ ਹਨ ਓਹਨਾ ਨੂੰ ਬਖ਼ਸ਼ਿਆ ਨਹੀਂ ਜਾਵੇਗਾ।ਓਹਨਾ ਕਿਹਾ ਕਿ ਸੂੱਬੇ ਦਾ ਵਿਕਾਸ ਤਾਹੀਂ ਹੋ ਸਕਦਾ ਹੈ ਜੇਕਰ ਸਾਰੇ ਇਮਾਨਦਾਰੀ ਨਾਲ ਆਪਣਾ ਟੈਕਸ ਭਰਨਗੇ।

ਵਣ ਅਤੇ ਜੰਗਲੀ ਜੀਵ ਵਿਭਾਗ ਦੇ ਕੱਚੇ ਵਰਕਰ ਹੋਣਗੇ ਪੱਕੇ

ਪਟਿਆਲਾ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜੰਗਲਾਤ ਵਰਕਰਜ ਯੂਨੀਅਨ ਪੰਜਾਬ ਸਬੰਧਤ ਪੰਜਾਬ ਸੁਬਾਰਡੀਨੇਟ ਸਰਵਿਸਿਜ ਫ਼ੈਡਰੈਸਨ1406-22 ਬੀ ਵੱਲੋ ਵਣ ਅਤੇ ਜੰਗਲੀ ਜੀਵ ਵਿਭਾਗ ਵਿਚ ਪਿਛਲੇ 25-25ਸਾਲਾਂ ਤੋ ਨਿਗੂਣੀਆ ਤਨਖ਼ਾਹਾਂ ਤੇ ਬਤੌਰ ਡੇਲੀਵੇਜ ਕੰਮ ਕਰਦੇ ਕਾਮਿਆ ਨੂੰ ਪੱਕਿਆ ਕਰਵਾਉਣ ਲਈ ਅੱਜ ਮਾਨਯੋਗ ਸ੍ਰੀ ਆਰ ਕੇ ਮਿਸਰਾ ਆਈ ਐਫ ਐੱਸ ਅਤੇ ਵਧੀਕ ਮੁੱਖ ਵਣਪਾਲ, ਸ੍ਰੀ ਬਸੰਤਾ ਰਾਜ ਅਤੇ ਨਿਧੀ ਸ੍ਰੀਵਾਸਤਵ ਅਤੇ ਦਫਤਰੀ ਆਮਲੇ ਦੇ ਨਾਲ ਵਣ ਅਤੇ ਜੰਗਲੀ ਜੀਵ ਵਿਭਾਗ ਵਿਚ ਕੰਮ ਕਰਦੇ ਡੇਲੀਵੇਜ ਕਾਮਿਆ ਦੀਆ ਮੰਗ ਪੱਤਰ ਚ, ਦਰਜ ਮੰਗਾਂ ਸਬੰਧੀ ਜਿਵੇ ਕੀ ਕੱਚੇ ਕਾਮੇ ਬਿੰਨਾ ਕਿਸੇ ਦੇਰ ਤੋਂ ਪੱਕੇ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ ਕਿਸੇ ਵੀ ਮੰਡਲ ਵਿਚ ਵਰਕਰਾਂ ਦੀ ਛਾਂਟੀ ਨਾ ਕਰਨ ਦਾ ਯਕੀਨ ਦਿਵਾਇਆ ਗਿਆ ਵਰਕਰਾਂ ਦੀਆ ਤਨਖਾਹਾਂ ਦਾ ਬਜਟ ਮਾਰਚ 2025ਤੱਕ ਦੇਣ ਦਾ ਭਰੋਸਾ ਦਿੱਤਾ ਗਿਆ ਅਤੇ ਵਣ ਵਿਭਾਗ ਦੇ ਸਾਰੇ ਕੰਮ ਵਿਭਾਗ ਦੇ ਵਰਕਰਾ ਤੋ ਕਰਵਾਏ ਜਾਣ ਸਬੰਧੀ ਇਹ ਮੰਗਾਂ ਮੀਟਿੰਗ ਵਣ ਭਵਨ ਦਫ਼ਤਰ ਵਿਖੇ ਹੋਈ ਮੀਟਿੰਗ ਚ, ਹਾਂ ਪੱਖੀ ਹੁੰਗਾਰਾ ਦਿੱਤਾ ਗਿਆ। ਮੀਟਿੰਗ ਵਿਚ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸਨ ਅਤੇ ਜੰਗਲਾਤ ਵਰਕਰਜ ਯੂਨੀਅਨ ਦੇ ਸੂਬਾਈ ਆਗੂ ਦਰਸਨ ਬੇਲੂਮਾਜਰਾ, ਗੁਰਵਿੰਦਰ ਖਮਾਣੋਂ,ਹਰਬੰਸ ਲਾਲ ਮੋਹਾਲੀ, ਜਸਵਿੰਦਰ ਸਿੰਘ ਸੌਜਾ, ਅਮਨਦੀਪ ਸਿੰਘ ਛੱਤ ਬੀੜ, ਕੇਵਲ ਗੜਸ਼ੰਕਰ, ਸੁਖਦੇਵ ਰੋਪੜ, ਸੇਰ ਸਿੰਘ ਸਰਹਿੰਦ, ਸਤਨਾਮ ਸੰਗਰੂਰ, ਸੁਲੱਖਣ ਸਿੰਘ ਸਿਸਵਾਂ, ਬੱਬੂ ਮਾਨਸਾ, ਛਿੰਦਰਪਾਲ ਸਿੰਘ, ਰਵੀ ਕੁਮਾਰ, ਬੁੱਟਾ ਸਿੰਘ ਲੁਧਿਆਣਾ, ਭਿੰਦਰ ਘੱਗਾ, ਸਜੀਵ ਕੁਮਾਰ ਹੁਸ਼ਿਆਰਪੁਰ,ਸਾਧੂ ਸਿੰਘ ਖਮਾਣੋਂ ਆਦਿ ਆਗੂ ਹਾਜ਼ਰ ਸਨ।

ਅਪ੍ਰੈਲ 2022 ਤੋਂ ਹੁਣ ਤੱਕ ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ ਵਿੱਚ ਹੋਈਆਂ 6586 ਭਰਤੀਆਂ: ਹਰਭਜਨ ਸਿੰਘ ਈ.ਟੀ.ਓ.

ਚੰਡੀਗੜ੍ਹ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਸ: ਹਰਭਜਨ ਸਿੰਘ ਈ.ਟੀ.ਓ ਨੇ ਐਲਾਨ ਕੀਤਾ ਹੈ ਕਿ ਅਪ੍ਰੈਲ 2022 ਤੋਂ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ) ਅਤੇ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਟੀ.ਸੀ.ਐਲ) ਦੁਆਰਾ ਕੁੱਲ 6,586 ਭਰਤੀਆਂ ਕੀਤੀਆਂ ਗਈਆਂ ਹਨ। ਬਿਜਲੀ ਮੰਤਰੀ ਨੇ ਇਹ ਵੀ ਖੁਲਾਸਾ ਕੀਤਾ ਕਿ ਸਾਲ 2025-26 ਦੌਰਾਨ ਪੀ.ਐਸ.ਪੀ.ਸੀ

ਮੁਰੱਬਾ ਸਿਹਤ ਲਈ ਲਾਭਕਾਰੀ

ਗਰਮੀ ਦੇ ਮੌਸਮ 'ਚ ਮੁਰੱਬਾ ਸਰੀਰ ਨੂੰ ਠੰਢ ਦਿੰਦਾ ਹੈ ਤੇ ਇਸ ਦੇ ਸੇਵਨ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਆਂਵਲੇ ਦੇ ਮੁਰੱਬੇ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਦੇ ਮੁਰੱਬੇ ਹੁੰਦੇ ਹਨ ਜਿਵੇਂ-ਗਾਜਰ, ਸੇਬ ਤੇ ਬੇਲ ਦਾ ਮੁਰੱਬਾ। ਇਨ੍ਹਾਂ 'ਚ ਵਿਟਾਮਿਨ, ਕੈਲਸ਼ੀਅਮ, ਆਇਰਨ, ਫਾਇਬਰ ਆਦਿ ਪਾਏ ਜਾਂਦੇ ਹਨ ਇਹ ਸਰੀਰ ਲਈ ਬਹੁਤ ਹੀ ਜ਼ਰੂਰੀ ਹੈ। ਇਨ੍ਹਾਂ ਦੇ ਸੇਵਨ ਨਾਲ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਵਧਦੀ ਹੈ। ਵੱਖ-ਵੱਖ ਤਰ੍ਹਾਂ ਦੇ ਮੁਰੱਬਿਆਂ ਦਾ ਸੇਵਨ ਕਰਨ ਨਾਲ ਸਿਹਤ ਨੂੰ ਬੁਹਤ ਲਾਭ ਪ੍ਰਾਪਤ ਹੁੰਦਾ ਹੈ।

ਸੇਬ

ਇਸ 'ਚ ਆਇਰਨ, ਫਾਸਫੋਰਸ, ਪ੍ਰੋਟੀਨ, ਕੈਲਸ਼ੀਅਮ ਤੇ ਵਿਟਾਮਿਨ ਬੀ ਭਰਪੂਰ ਮਾਤਰਾ 'ਚ ਪਾਈ ਜਾਂਦੀ ਹੈ ਜਿਸ ਨਾਲ ਸਰੀਰ ਨੂੰ ਊਰਜਾ ਪ੍ਰਾਪਤ ਹੁੰਦੀ ਹੈ। ਇਸ ਦੇ ਸੇਵਨ ਨਾਲ ਯਾਦਦਾਸ਼ਤ ਵਧਦੀ ਹੈ ਤੇ ਦਿਮਾਗ਼ ਵੀ ਠੰਢਾ ਰਹਿੰਦਾ ਹੈ। ਸੇਬ ਦੇ ਮੁਰੱਬੇ ਦਾ ਸੇਵਨ ਨਾਲ ਮੋਟਾਪਾ ਵੀ ਦੂਰ ਹੁੰਦਾ ਹੈ। ਜਿੰਨ੍ਹਾਂ ਲੋਕਾਂ ਨੂੰ ਰਾਤ ਵੇਲੇ ਨੀਂਦ ਨਹੀਂ ਆਉਂਦੀ ਜੋ ਇਸ ਬਿਮਾਰੀ ਤੋਂ ਪਰੇਸ਼ਾਨ ਹਨ ਉਨ੍ਹਾਂ ਨੂੰ ਸੇਬ ਦੇ ਮੁਰੱਬੇ ਦਾ ਸੇਵਨ ਕਰਨਾ ਚਾਹੀਦਾ ਹੈ।

ਗਾਜਰ

ਗਾਜਰ ਦੇ ਮੁਰੱਬੇ 'ਚ ਆਇਰਨ ਤੇ ਵਿਟਾਮਿਨ ਈ ਪਾਇਆ ਜਾਂਦਾ ਹੈ ਜਿਸ ਨਾਲ ਅੱਖਾਂ ਦੀ ਰੋਸ਼ਨੀ ਵਧਦੀ ਹੈ। ਇਸ ਦੇ ਸੇਵਨ ਨਾਲ ਪੇਟ ਦੀ ਗੈਸ ਤੇ ਜਲਣ ਦੂਰ ਹੁੰਦੀ ਹੈ। ਗਾਜਰ ਦਾ ਮੁਰੱਬਾ ਦਿਮਾਗ਼ ਨੂੰ ਤੇਜ਼ ਕਰਦਾ ਹੈ ਤੇ ਡਿਪਰੈਸ਼ਨ ਦੀ ਸਮੱਸਿਆ ਨੂੰ ਦੂਰ ਕਰਦਾ ਹੈ। ਰੋਜ਼ ਇਸ ਦਾ ਸੇਵਨ ਕਰਨ ਨਾਲ ਦਿਲ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਬੇਲ

ਬੇਲ ਦੇ ਮੁਰੱਬੇ 'ਚ ਪ੍ਰੋਟੀਨ, ਫਾਸਫੋਰਸ, ਫਾਇਬਰਹਾਇਡ੍ਰੇਟ, ਆਇਰਨ ਤੇ ਆਇਰਨ ਹੁੰਦਾ ਹੈ। ਇਸ ਨਾਲ ਪੇਟ ਦੀਆਂ ਕਈ ਸਮੱਸਿਆ ਦੂਰ ਹੁੰਦੀਆਂ ਹਨ। ਇਸ ਨਾਲ ਐਸੀਡਿਟੀ, ਅਲਸਰ ਤੇ ਕਬਜ਼ ਦੀ ਪਰੇਸ਼ਾਨੀ ਨਹੀਂ ਹੁੰਦੀ। ਬੇਲ ਦੇ ਮੁਰੱਬਾ ਸਿਹਤ ਲਈ ਬਹੁਤ ਹੀ ਫ਼ਾਇਦੇਮੰਦ ਹੁੰਦਾ ਹੈ।

ਆਂਵਲਾ

ਆਂਵਲੇ ਦੇ ਮੁਰੱਬੇ 'ਚ ਵਿਟਾਮਿਨ ਸੀ, ਆਇਰਨ ਤੇ ਫਾਇਬਰ ਕਾਫ਼ੀ ਮਾਤਰਾ 'ਚ ਹੁੰਦੇ ਹਨ ਜੋ ਸਿਹਤ ਲਈ ਬਹੁਤ ਲਾਭਕਾਰੀ ਹੈ। ਇਸ ਦੇ ਸੇਵਨ ਨਾਲ ਕਈ ਬਿਮਾਰੀਆਂ ਤੋਂ ਰਾਹਤ ਮਿਲਦੀ ਹੈ। ਰੋਜ਼ ਸਵੇਰੇ ਖ਼ਾਲੀ ਪੇਟ ਆਂਵਲੇ ਦਾ ਮੁਰੱਬਾ ਖਾਣ ਨਾਲ ਬਲੱਡ ਪ੍ਰੈਸ਼ਰ ਦੀ ਸਮੱਸਿਆ ਦੂਰ ਹੋ ਜਾਂਦੀ ਹੈ। ਇਹ ਸਰੀਰ 'ਚ ਖ਼ੂਨ ਦੀ ਘਾਟ ਨੂੰ ਪੂਰਾ ਕਰਦਾ ਹੈ। ਕਬਜ਼ ਤੇ ਐਸੀਡਿਟੀ ਦੀ ਪਰੇਸ਼ਾਨੀ ਨੂੰ ਵੀ ਦੂਰ ਕਰਦਾ ਹੈ। ਇਸ ਦੇ ਇਲਾਵਾ ਆਂਵਲੇ ਦੇ ਸੇਵਨ ਨਾਲ ਐਨਰਜੀ ਮਿਲਦੀ ਹੈ ਜਿਸ ਨਾਲ ਸਰੀਰ 'ਚ ਚੁਸਤੀ-ਫੁਰਤੀ ਆਉਂਦੀ ਹੈ।

ਗਰਦਨ ਦੇ ਦਰਦ ਤੋਂ ਰਾਹਤ

ਗਰਦਨ 'ਚ ਹੋਣ ਵਾਲੇ ਦਰਦ ਨੂੰ ਆਮਤੌਰ 'ਤੇ ਲੋਕ ਅਣਦੇਖਿਆ ਕਰ ਦਿੰਦੇ ਹਨ ਪਰ ਕਈ ਵਾਰ ਇਹ ਦਰਦ ਗੰਭੀਰ ਰੂਪ ਧਾਰਨ ਕਰ ਲੈਂਦਾ ਹੈ ਤੇ ਇਸ ਦਰਦ ਨਾਲ ਪੂਰੀ ਜ਼ਿੰਦਗੀ ਜੂਝਣਾ ਪੈਂਦਾ ਹੈ। ਪਿਛਲੇ ਕਈ ਸਾਲਾਂ ਤੋਂ ਸਰਵਾਇਕਲ ਦੇ ਕਈ ਮਰੀਜ਼ਾਂ ਦੀ ਸੰਖਿਆਂ ਵੱਧ ਰਹੀ ਹੈ। ਗਰਦਨ ਦੀ ਦਰਦ ਨੂੰ ਜਲਦੀ ਤੋਂ ਜਲਦੀ ਖ਼ਤਮ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿਉਂਕਿ ਜੇ ਇਹ ਦਰਦ ਨੂੰ ਅਣਦੇਖਿਆ ਕੀਤਾ ਜਾਵੇ ਤਾਂ ਇਸ ਨਾਲ ਹੋਰ ਵੀ ਕਈ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਇਲਾਵਾ ਖਾਣ 'ਚ ਕੈਲਸ਼ੀਅਮ ਤੇ ਵਿਟਾਮਿਨ ਡੀ ਦੀ ਮਾਤਰਾ ਵੱਧ ਹੋਣੀ ਚਾਹੀਦੀ ਹੈ।

ਕਾਰਨ

- ਨੀਂਦ ਪੂਰੀ ਨਾ ਲੈਣਾ।
- ਉੱਚੇ ਸਿਰਹਾਣੇ ਦਾ ਇਸਤੇਮਾਲ ਕਰਨਾ।
- ਲੰਮੇ ਪੈ ਕੇ ਪੜ੍ਹਨਾ।
- ਜ਼ਿਆਦਾ ਟੀਵੀ ਦੇਖਣਾ।
- ਕੰਪਿਊਟਰ ਦਾ ਜ਼ਿਆਦਾ ਇਸਤੇਮਾਲ ਕਰਨਾ।
- ਲੰਮੇ ਸਮੇਂ ਤਕ ਸਫ਼ਰ ਕਰਨ ਨਾਲ ਵੀ ਇਹ ਸਮੱਸਿਆ ਆ ਜਾਂਦੀ ਹੈ।
- ਖਾਣੇ 'ਚ ਕੈਲਸ਼ੀਅਮ ਤੇ ਵਿਟਾਮਿਨ ਡੀ ਦਾ ਸੇਵਨ ਕਰਨ ਨਾਲ ਗਰਦਨ ਦੇ ਦਰਦ ਤੋਂ ਰਾਹਤ ਪਾਈ ਜਾ ਸਕਦੀ ਹੈ।

ਡਾ. ਐੱਚ ਐੱਸ ਡਾਰਲਿੰਗ

ਕੈਂਸਰ ਹਰ ਮਨੁੱਖ ਲਈ ਇਕ ਡਰਾਵਣਾ ਸ਼ਬਦ ਹੈ। ਅਸਲੀਅਤ 'ਚ ਸਾਹਮਣਾ ਹੋਣ 'ਤੇ ਇਹ ਇਨਸਾਨ ਅਤੇ ਉਸਦੇ ਰਿਸ਼ਤੇਦਾਰਾਂ ਨੂੰ ਅਕਸਰ ਤਨੋਂ ਮਨੋਂ ਖੋਖਲਾ ਕਰ ਜਾਂਦਾ ਹੈ...

ਔਰਤਾਂ ਦੇ ਕੈਂਸਰ ਦੀ ਗੰਭੀਰ ਸਮੱਸਿਆ

ਜੀਵਨ ਕੁਦਰਤ ਦੀ ਸਭ ਤੋਂ ਵੱਡੀ ਨਿਆਮਤ ਹੈ। ਇਸ ਤੋਂ ਇਲਾਵਾ ਜੇ ਕਿਸੇ ਨੂੰ ਕੋਈ ਬੇਸ਼ਕੀਮਤੀ ਉਪਹਾਰ ਦੇਣਾ ਹੋਵੇ ਤਾਂ ਸਿਹਤ ਤੋਂ ਵੱਧ ਕੇ ਕੁੱਝ ਨਹੀਂ ਹੋ ਸਕਦਾ। ਮਹਿਲਾ ਦਿਵਸ ਦੇ ਮੌਕੇ 'ਤੇ ਭਾਰਤ 'ਚ ਔਰਤਾਂ ਦੀ ਸਿਹਤ ਸਬੰਧੀ ਚਰਚਾ ਇਕ ਅਤਿਅੰਤ ਜ਼ਰੂਰੀ ਅਤੇ ਢੁਕਵੀਂ ਗੱਲ ਹੋਵੇਗੀ। ਤਕਨੀਕੀ ਅਤੇ ਵਾਪਾਰਿਕ ਵਿਕਾਸ ਦੇ ਬਾਵਜੂਦ ਸਿਹਤ ਪੱਖੋਂ ਭਾਰਤ ਦਾ ਆਮ ਨਾਗਰਿਕ ਅਜੇ ਵੀ ਕਾਫ਼ੀ ਪਿਛੜਿਆ ਤੇ ਵਾਂਝਾ ਹੈ। ਖ਼ਾਸ ਤੌਰ 'ਤੇ ਔਰਤਾ ਦੀ ਸਿਹਤ ਕੁੱਝ ਕਾਰਨਾਂ ਕਰਕੇ ਪਿਛੇ ਰਹਿ ਜਾਂਦੀ ਹੈ। ਕੈਂਸਰ ਹਰ ਮਨੁੱਖ ਲਈ ਇਕ ਡਰਾਵਣਾ ਸ਼ਬਦ ਹੈ। ਅਸਲੀਅਤ 'ਚ ਸਾਹਮਣਾ ਹੋਣ ਤੇ ਇਹ ਇਨਸਾਨ ਅਤੇ ਉਸਦੇ ਰਿਸ਼ਤੇਦਾਰਾਂ ਨੂੰ ਅਕਸਰ ਤਨੋਂ ਮਨੋਂ ਖੋਖਲਾ ਕਰ ਜਾਂਦਾ ਹੈ। ਦਰਅਸਲ, ਕੈਂਸਰ ਅਤੇ ਲਾਗ ਦੀਆਂ ਬਿਮਾਰੀਆਂ ਮਰਦਾਂ 'ਚ ਵਧੇਰੇ ਪਾਈਆਂ ਜਾਂਦੀਆਂ ਹਨ। ਅਜਿਹਾ ਸ਼ਾਇਦ ਮਰਦਾਂ ਦੇ ਕੰਮਕਾਜ ਦੌਰਾਨ ਭੌਤਿਕ ਜਟਲਤਾਵਾਂ ਨਾਲ ਵਧੇਰੇ ਵਿਚਰਨ ਕਰ ਕੇ ਹੈ। ਬੇਸ਼ੱਕ ਮਰਦਾਂ ਵਿਚ ਸਿਗਰਟਨੋਸ਼ੀ ਦੀ ਬਹੁਤਾਤ ਪੂਰੇ ਸੰਸਾਰ 'ਚ ਇਕ ਮਹੱਤਵਪੂਰਨ ਕਾਰਨ ਹੈ। ਕੁੱਝ ਜਾਣਕਾਰ ਮਰਦਾਂ ਅਤੇ ਔਰਤਾਂ ਵਿਚਕਾਰ ਹਾਰਮੋਨਾਂ ਅਤੇ ਵਰਤਾਵੇ ਦੇ ਫ਼ਰਕ ਨੂੰ ਵੀ ਇਸਦਾ ਕਾਰਨ ਮੰਨਦੇ ਹਨ। ਅਮਰੀਕਾ ਦੇ 2004-08 ਦੇ ਅੰਕੜਿਆਂ ਅਨੁਸਾਰ ਮਰਦਾਂ 'ਚ ਜੀਵਨਭਰ ਦੌਰਾਨ ਕੈਂਸਰ ਹੋਣ ਦੀ ਸੰਭਾਵਨਾ 44.85 ਹੈ ਜਦੋਂਕਿ ਇਹੀ ਸੰਖਿਆ ਔਰਤਾਂ 'ਚ 38.08 ਹੈ। ਕੈਂਸਰ ਦੀ ਬਹੁਤਾਤ ਔਰਤਾਂ ਦੇ ਮੁਕਾਬਲੇ ਮਰਦਾਂ 'ਚ 1.33 ਗੁਣਾ ਜ਼ਿਆਦਾ ਹੈ। ਕੈਂਸਰ ਦੁਆਰਾ ਮੌਤਾਂ ਦਾ ਅਨੁਪਾਤ ਵੀ ਇਹੋ ਕ੍ਰਮ ਅਨੁਸਾਰ ਹੈ। ਲਿੰਗਭੇਦ ਰਹਿਤ (ਜਨਣ ਅੰਗਾਂ ਨੂੰ ਛੱਡ ਕੇ) ਕੈਂਸਰਾਂ ਵਿਚੋਂ, ਛਾਤੀ ਦੇ ਕੈਂਸਰ ਤੋਂ ਇਲਾਵਾ (ਜੋ ਕਿ ਔਰਤਾਂ ਵਿਚ ਮਰਦਾਂ ਦੇ ਮੁਕਾਬਲੇ 100 ਗੁਣਾ ਜ਼ਿਆਦਾ ਹੈ) ਜ਼ਿਆਦਾਤਰ ਕੈਂਸਰ ਮਰਦਾਂ 'ਚ ਹੀ ਜ਼ਿਆਦਾ ਹੁੰਦੇ ਹਨ, ਕੇਵਲ ਪਿੱਤੇ, ਥਾਇਰਾਇਡ ਦਾ ਕੈਂਸਰ ਹੀ ਔਰਤਾਂ ਵਿਚ ਜ਼ਿਆਦਾ ਹੁੰਦੇ ਹਨ। 2012 'ਚ ਹੋਏ ਖੋਜ ਅਨੁਸਾਰ 1.4 ਕਰੋੜ ਕੈਂਸਰ ਕੇਸਾਂ ਵਿਚੋਂ 0.67 ਕਰੋੜ ਔਰਤਾਂ ਸਨ। ਔਰਤਾਂ ਦੇ ਮੁੱਖ ਕੈਂਸਰ ਛਾਤੀ, ਅੰਤੜੀਆਂ, ਬੱਚੇਦਾਨੀ, ਫੇਫੜਾ, ਅੰਡਕੋਸ਼ ਦਾ ਕੈਂਸਰ ਹਨ। ਛਾਤੀ, ਸਰਵਾਈਕਲ, ਬੱਚੇਦਾਨੀ ਅਤੇ ਅੰਡਕੋਸ਼ ਦੇ ਕੈਂਸਰ ਜ਼ਨਾਨਾ ਕੈਂਸਰ ਹਨ, ਜੋਕਿ ਔਰਤਾਂ 'ਚ ਹੋਣ ਵਾਲੇ ਮੁੱਖ 10 ਕੈਂਸਰਾਂ ਵਿਚੋਂ ਕ੍ਰਮਵਾਰ ਪਹਿਲੇ 25, ਚੌਥੇ 8, ਛੇਵੇਂ 5 ਅਤੇ ਸੱਤਵੇਂ 4 ਸਥਾਨ 'ਤੇ ਆਉਂਦੇ ਹਨ। ਮਨੁੱਖੀ ਕੈਂਸਰ ਦੀ ਰੋਕਥਾਮ ਦੀ ਅਤੇ ਜਲਦੀ ਖੋਜਣ ਦੀ ਸਫਲ ਕਹਾਣੀ ਦੀ ਸਰਵੋਤਮ ਉਦਾਹਰਣ ਛਾਤੀ ਦੇ ਅਤੇ ਸਰਵਾਈਕਲ ਕੈਂਸਰ ਦੀ ਸਕ੍ਰੀਨਿੰਗ ਅਤੇ ਹਿਊਮਨ ਪੈਪੀਲੋਮਾ ਵਾਇਰਸ ਦਾ ਟੀਕਾਕਰਣ ਹਨ। ਦੁਨੀਆ ਭਰ 'ਚ ਇਨ੍ਹਾਂ ਉਪਰਾਲਿਆਂ ਦੁਆਰਾ ਦੋਵਾਂ ਕੈਂਸਰਾਂ ਦੀ ਬਹੁਤਾਤ ਅਤੇ ਮੌਤ ਦਰ ਬਹੁਤ ਘੱਟ ਗਈ ਹੈ। ਭਾਰਤੀ ਖੋਜ ਦੇ ਅਨੁਸਾਰ ਛਾਤੀ ਦਾ ਕੈਂਸਰ ਅਤੇ ਸਰਵਾਈਕਲ ਕੈਂਸਰ ਕ੍ਰਮਵਾਰ ਪਹਿਲੇ 27 ਅਤੇ ਦੂਜੇ 23 ਸਥਾਨ 'ਤੇ ਆਉਂਦੇ ਹਨ। ਭਾਰਤ 'ਚ ਹਰ ਸਾਲ 1.45 ਲੱਖ ਨਵੇਂ ਛਾਤੀ ਕੈਂਸਰ ਦੇ ਮਰੀਜ਼ ਬਣਦੇ ਹਨ ਜਿਨ੍ਹਾਂ ਵਿਚੋਂ 70,000 ਦੀ ਮੌਤ 50 ਹੋ ਜਾਂਦੀ ਹੈ। ਇਹ ਦਰ ਸਮੇਂ ਦੇ ਨਾਲ-ਨਾਲ ਤੇਜ਼ੀ ਨਾਲ ਵੱਧ ਰਹੀ ਹੈ। ਜਿਵੇਂ ਕਿ ਮੁੰਬਈ ਵਿਚ 1984 ਵਿਚ 1000 ਦੇ ਮੁਕਾਬਲੇ 2005 'ਚ 2200 ਮਰੀਜ਼ ਨਵੇਂ ਪਾਏ ਗਏ ਸਨ। ਇਸ ਤੇ ਵਾਧਾ ਇਹ ਕਿ ਭਾਰਤ 'ਚ ਕੈਂਸਰ ਰੋਗੀਆਂ ਦੀ ਜੀਵਨ ਦਰ ਪੱਛਮ ਦੇ ਮੁਕਾਬਲੇ ਬਦਤਰ ਹੈ। ਅਮਰੀਕਾ 'ਚ ਛਾਤੀ ਕੈਂਸਰ ਦੀ 5 ਸਾਲਾ ਜੀਵਨ ਦਰ 1975 ਵਿਚ 75 ਤੋਂ ਵੱਧ ਕੇ 2004 ਵਿਚ 89 ਹੋ ਗਈ ਸੀ ਜਦਕਿ ਅੱਜ ਵੀ ਭਾਰਤ 'ਚ ਇਹ ਦਰ ਸਿਰਫ਼ 60 ਹੈ। ਇਹ ਜਾਣਕਾਰੀ ਦੀ ਘਾਟ, ਸਿਹਤ ਸੁਵਿਧਾਵਾਂ, ਗਰੀਬੀ ਅਤੇ ਤੰਗੀਆਂ ਤੁਰਸ਼ੀਆਂ ਕਾਰਨ ਹੈ। ਇਨ੍ਹਾਂ ਵਿਚੋਂ ਸਭ ਤੋਂ ਪੁਖਤਾ ਅਤੇ ਵਿਹਾਰਕ ਕਾਰਨ ਸਿਹਤ ਸਬੰਧੀ ਜਾਗਰੁਕਤਾ ਅਤੇ ਸੁਵਿਧਾਵਾਂ ਦੀ ਘਾਟ ਹੈ। ਦਰਅਸਲ ਭਾਰਤ ਉਪਮਹਾਂਦੀਪ ਵਿਚ ਸਰਵਾਈਕਲ ਕੈਂਸਰ ਦੀ ਬਹੁਤਾਤ ਵੀ ਕਈ ਗੁਣਾ ਜ਼ਿਆਦਾ ਹੈ। ਗਲੋਬੋਕੈਨ 2012 ਦੇ ਸਰਵੇਖਣ ਮੁਤਾਬਕ ਭਾਰਤ ਵਿਚ ਸਰਵਾਈਕਲ ਕੈਂਸਰ ਦੇ ਨਵੇਂ ਮਰੀਜ਼ 1,23,000 ਸਨ ਜਿਨ੍ਹਾਂ ਵਿਚੋਂ 67,500 ਦੀ ਮੌਤ ਹੋ ਗਈ 50 ਤੋਂ ਵੀ ਵਧੇਰੇ ਜਦੋਂਕਿ ਅਮਰੀਕਾ ਵਿਚ ਸਰਵਾਈਕਲ ਕੈਂਸਰ ਦੀ ਮੌਤ ਦਰ ਕੇਵਲ 30 ਹੈ। ਇਹ ਫ਼ਰਕ ਪੈਪ ਸਮੀਅਰ (ਸਰਵਾਈਕਲ ਕੈਂਸਰ ਨੂੰ ਜਲਦੀ ਖੋਜਣ ਦੀ ਜਾਂਚ) ਦੇ ਢੁਕਵੇਂ ਉਪਯੋਗ ਨਾਲ ਹੀ ਸੰਭਵ ਹੋਇਆ ਹੈ। ਸੰਸਾਰ ਭਰ 'ਚ ਸਰਵਾਈਕਲ ਕੈਂਸਰ ਸਮਾਜਿਕ- ਆਰਥਿਕ ਭਿੰਨਤਾਵਾਂ ਕਰਕੇ ਪੇਂਡੂ ਔਰਤਾਂ 'ਚ ਜ਼ਿਆਦਾ ਪਾਇਆ ਜਾਂਦਾ ਹੈ। ਕੈਂਸਰ ਡਾਕਟਰੀ ਪਿੱਤੇ 'ਚ ਇਕ ਕਹਾਵਤ ਹੈ ਕਿ ਛਾਤੀ ਦਾ ਕੈਂਸਰ ਸ਼ਹਿਰੀਆਂ ਦਾ ਅਤੇ ਸਰਵਾਈਕਲ ਕੈਂਸਰ ਪੇਂਡੂ ਔਰਤਾਂ ਦਾ ਕੈਂਸਰ ਹੈ। ਮੌਲਿਕ ਰੂਪ 'ਚ ਇਹ ਸਮਾਜਿਕ-ਆਰਥਿਕ, ਖ਼ੁਰਾਕ ਸਬੰਧੀ ਅਤੇ ਜੀਵਨਜਾਂਚ ਸਬੰਧੀ ਤੱਤਾਂ ਦਾ ਨਤੀਜਾ ਹੈ। ਇਕ ਹੋਰ ਰੋਚਕ ਤੱਥ ਸਾਹਮਣੇ ਆਇਆ ਹੈ ਕਿ ਮੁਸਲਮਾਨ ਔਰਤਾਂ ਵਿਚ ਸਰਵਾਈਕਲ ਕੈਂਸਰ ਦੀ ਔਸਤ ਘੱਟ ਹੈ ਜੋਕਿ ਸੁੰਨਤ ਦੀ ਪਰੰਪਰਾ ਦਾ ਚਾਰਾ ਨਤੀਜਾ ਹੈ।

ਸਰਵਾਈਕਲ ਕੈਂਸਰ ਟੀਕਾਕਰਣ ਰਾਹੀਂ ਰੋਕਥਾਮਯੋਗ ਅਤੇ ਪੈਪ ਸਮੀਅਰ ਦੁਆਰਾ ਜਲਦੀ ਖੋਜਣਯੋਗ ਹੈ ਜਦੋਂਕਿ ਛਾਤੀ ਦਾ ਕੈਂਸਰ ਮੈਮੋਗਰਾਫੀ (ਐਕਸ-ਰੇ ਦੁਆਰਾ ਜਾਂਚ) ਤਹਿਤ ਜਲਦੀ ਲੱਭਿਆ ਜਾ ਸਕਦਾ ਹੈ। ਪਹਿਲੇ ਪੜਾਅ (ਸਟੇਜ 1) ਵਿਚ ਪਕੜੇ ਜਾਣ ਤੇ ਇਹ ਕੈਂਸਰ 90 ਖਾਤਮੇਯੋਗ ਹਨ ਜਦੋਂਕਿ ਚੌਥੇ ਪੜਾਅ ਵਿਚ ਇਹ ਸੰਭਾਵਨਾ 30 ਤੋਂ ਵੀ ਘਟ ਜਾਂਦੀ ਹੈ। ਇਹੋ ਤੱਥ ਇਹਨਾਂ ਤਰੀਕਿਆਂ ਨੂੰ ਅਪਣਾਉਣ ਦੀ ਜ਼ਰੂਰਤ ਨੂੰ ਦਰਸਾਉਂਦਾ ਹੈ। ਛਾਤੀ ਸਰੀਰ ਦੇ ਬਾਹਰ ਦਾ ਅੰਗ ਹੋਣ ਕਾਰਣ ਆਸਾਨੀ ਨਾਲ ਜਾਂਚੀ ਜਾ ਸਕਦੀ ਹੈ। ਇਸ ਦੇ ਵੱਖ ਵੱਖ ਤਰੀਕਿਆਂ ਵਿਚੋਂ ਆਪਣੀ ਛਾਤੀ ਦੀ ਖੁਜਾਂਚ ਟਟੋਲ, ਡਾਕਟਰ ਦੁਆਰਾ ਜਾਂਚ ਪਰਖ ਅਤੇ ਐਕਸ-ਰੇ, ਅਲਟਰਾਸਾਊਂਡ ਜਾਂ ਐਮ ਆਰ ਮੈਮੋਗਰਾਫ਼ੀ ਹੈ। ਇਨ੍ਹਾਂ ਵਿਚੋਂ ਸਭ ਤੋਂ ਵੱਧ ਪ੍ਰਭਾਵਸ਼ਾਲੀ, ਕਿਫ਼ਾਇਤੀ ਅਤੇ ਵਿਹਾਰਕ ਐਕਸ-ਰੈ ਮੈਮੋਗਰਾਫ਼ੀ ਸਾਬਿਤ ਹੋਈ ਹੈ। ਇਸ ਦੇ ਲਗਾਤਾਰ ਉਪਯੋਗ ਨਾਲ ਪੱਛਮੀ ਦੇਸ਼ਾਂ 'ਚ ਛਾਤੀ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ ਵਿਚ 20 ਘਾਟ ਆਈ ਹੈ ਜੋ ਕਿ ਉਪਰ ਦਰਸਾਏ ਅੰਕੜਿਆਂ 'ਚ ਸਵੈਸਿੰਧ ਹੋ ਗਿਆ ਹੈ। ਔਸਤਨ ਇਕ ਔਰਤ ਨੂੰ ਜ਼ਿੰਦਗੀ ਭਰ 'ਚ ਛਾਤੀ ਦਾ ਕੈਂਸਰ ਹੋਣ ਦੀ ਸੰਭਾਵਨਾ 12 ਹੈ। ਇਸ ਤਲਖ਼ ਸੱਚਾਈ ਨੂੰ ਅਸੀਂ ਝੁਠਲਾ ਨਹੀਂ ਸਕਦੇ, ਅਲਬੱਤਾ ਇਸ ਨਾਲ ਜੂਝਣ ਦਾ ਇਕ ਬੇਹਤਰ ਤਰੀਕਾ ਇਹੋ ਹੋਏਗਾ ਕਿ ਅਸੀਂ ਇਸ ਨੂੰ ਜਲਦੀ ਪਕੜਨ ਦੀ ਕੋਸ਼ਿਸ਼ ਕਰੀਏ। ਡਾਕਟਰੀ ਸਲਾਹ: 40-50 ਸਾਲ ਦੀਆਂ ਔਰਤਾਂ ਲਈ - ਵਿਕਲਪਿਕ। 50-75 ਸਾਲ ਤਕ ਸਾਲ 'ਚ ਇਕ ਵਾਰ। ਸੰਭਵ ਹੈ ਕਿ ਕੁੱਝ ਔਰਤਾਂ ਨੂੰ ਜ਼ਰੂਰਤ ਤੋਂ ਜ਼ਿਆਦਾ ਜਾਂਚ ਜਾਂ ਇਲਾਜ ਕਰਾਉਣਾ ਪਵੇ ਫਿਰ ਵੀ ਇਹ ਇਕ ਸਵੈਸਿਧ ਬੇਹਤਰੀਨ ਵਿਕਲਪ ਹੈ। ਸਰਵਾਈਕਲ ਕੈਂਸਰ ਹੀ ਇਕ ਨਵੇਕਲਾ ਕੈਂਸਰ ਹੈ ਜਿਸਨੂੰ ਟੀਕਾਕਰਣ ਰਾਹੀਂ ਰੋਕਿਆ ਜਾ ਸਕਦਾ ਹੈ। ਇਹ ਲਗਭਗ ਸ਼ਤਪ੍ਰਤੀਸ਼ਤ ਹਿਊਮਨ ਪੈਪੀਲੋਮਾ ਵਿਸ਼ਾਣੂ ਰਾਹੀਂ ਹੁੰਦਾ ਹੈ। ਇਸ ਤੋਂ ਇਲਾਵਾ ਇਹ ਬਹੁਤ ਸਾਰੇ ਹੋਰ ਜਨਣ ਅੰਗਾਂ ਦੇ ਅਤੇ ਮੂੰਹ ਦੇ ਕੈਂਸਰਾਂ ਲਈ ਜ਼ੁੰਮੇਵਾਰ ਹੈ। ਲਿਹਾਇਜ਼ਾ ਲੜਕਿਆਂ ਅਤੇ ਲੜਕੀਆਂ ਦੋਵਾਂ ਨੂੰ ਟੀਕਾਕਰਣ ਦੀ ਜ਼ਰੂਰਤ ਹੈ। ਡਾਕਟਰੀ ਸਲਾਹ ਐਚ ਪੀ ਵੀ ਟੀਕਾ, 9-12 ਸਾਲ ਦੇ ਸਾਰੇ ਬੱਚਿਆਂ ਲਈ। ਜੇ ਖੁੰਝ ਜਾਵੇ ਤਾਂ 26 ਸਾਲ ਤਕ ਲੜਕੀਆਂ ਨੂੰ ਅਤੇ 21 ਸਾਲ ਤਕ ਲੜਕਿਆਂ ਨੂੰ ਟੀਕਾਕਰਣ ਕਰਵਾ ਲੈਣਾ ਚਾਹੀਦਾ ਹੈ। 15 ਸਾਲ ਤੋਂ ਘੱਟ ਉਮਰ ਤਕ 2 ਟੀਕੇ, 0 ਅਤੇ 6-12 ਮਹੀਨੇ ਤੇ। 15 ਸਾਲ ਤੋਂ ਉਪਰ, 3 ਟੀਕੇ 0, 1-2 ਅਤੇ 6 ਮਹੀਨੇ ਤੇ। ਇਹ ਟੀਕਾ ਐਨਾ ਪ੍ਰਭਾਵਸ਼ਾਲੀ ਹੈ ਕਿ 97-100 ਸਰਵਾਈਕਲ ਕੈਂਸਰ ਦੀ ਅਤੇ 93 ਮੂੰਹ ਦੇ ਕੈਂਸਰ ਦੀ ਰੋਕਥਾਮ ਕਰਦਾ ਹੈ। ਭਾਰਤ 'ਚ ਇਹ ਟੀਕਾ ਬਹੁਤ ਸਮੇਂ ਤੋਂ ਉਪਲਬਧ ਹੋਣ ਦੇ ਬਾਵਜੂਦ ਬਹੁਤ ਘੱਟ ਵਰਤੋਂ ਵਿਚ ਹੈ। ਸੰਸਾਰ ਸਿਹਤ ਸੰਸਥਾ ਅਤੇ ਭਾਰਤੀ ਬੱਚਾ ਮਾਹਿਰ ਅਕਾਦਮੀ ਵੀ ਇਸ ਦੀ ਸਿਫ਼ਾਰਿਸ਼ ਕਰਦੀਆਂ ਹਨ ਪਰ ਭਾਰਤ ਦੇ ਰਾਸ਼ਟਰੀ ਟੀਕਾਕਰਣ ਸੂਚੀ 'ਚ ਇਸਦੀ ਸ਼ਮੂਲੀਅਤ ਨਾ ਹੋਣ ਕਾਰਨ ਅਤੇ ਜਾਗਰੁਕਤਾ ਦੀ ਘਾਟ ਕਾਰਨ ਅਸੀਂ ਇਸ ਦਾ ਪੂਰਾ ਲਾਭ ਨਹੀਂ ਉਠਾ ਪਾ ਰਹੇ। ਪੰਜਾਬ 'ਚ ਔਰਤਾਂ ਨੂੰ ਹੋਣ ਵਾਲੇ ਕੈਂਸਰਾਂ ਵਿਚੋਂ 13 ਸਰਵਾਈਕਲ ਕੈਂਸਰ ਹਨ। ਖ਼ੁਸ਼ੀ ਦੀ ਗੱਲ ਇਹ

ਸੰਪਾਦਕੀ

ਆਲਮੀ ਰਾਜਨੀਤੀ ਦੇ ਚੱਕਰਵਰਤੀ ਜਗਤ

ਆਲਮੀ ਰਾਜਨੀਤੀ ਦੇ ਚੱਕਰਵਰਤੀ ਜਗਤ ਵਿੱਚ ਇਸ ਹਫ਼ਤੇ ਟੁੱਟ-ਭੱਜ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ 'ਫੌਕਸ ਨਿਊਜ਼' ਨੂੰ ਦੱਸਿਆ ਕਿ ਪਿਛਲੇ ਹਫ਼ਤੇ ਉਨ੍ਹਾਂ ਆਪਣੇ ਸਹੁੰ ਚੁੱਕ ਸਮਾਗਮ ਤੋਂ ਐਨ ਪਹਿਲਾਂ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ 'ਟਿਕ ਟੌਕ, ਵਪਾਰ ਅਤੇ ਤਾਇਵਾਨ' ਉੱਪਰ ਚਰਚਾ ਕੀਤੀ ਸੀ ਅਤੇ ਇਹ ਵੀ ਦੱਸਿਆ ਕਿ ਗੱਲਬਾਤ ਦੋਸਤਾਨਾ ਮਾਹੌਲ ਵਿੱਚ ਹੋਈ। ਅਸੀਂ ਜਾਣਦੇ ਹਾਂ ਕਿ ਟਰੰਪ ਨੇ ਰਾਸ਼ਟਰਪਤੀ ਸ਼ੀ ਨੂੰ ਆਪਣੇ ਸਹੁੰ ਚੁੱਕ ਸਮਾਗਮ ਲਈ ਵੀ ਸੱਦਿਆ ਸੀ ਪਰ ਸ਼ੀ ਨੇ ਆਪ ਜਾਣ ਦੀ ਬਜਾਇ ਆਪਣੇ ਉਪ ਰਾਸ਼ਟਰਪਤੀ ਹਾਨ ਜ਼ੈਂਗ ਨੂੰ ਉੱਥੇ ਭੇਜ ਦਿੱਤਾ। ਉਸ ਤੋਂ ਬਾਅਦ ਟਰੰਪ ਨੇ ਟਿਕ ਟੌਕ ਉੱਪਰ ਪ੍ਰਸਤਾਵਿਤ ਪਾਬੰਦੀ ਲਾਉਣ ਅਤੇ ਚੋਣ ਪ੍ਰਚਾਰ ਵੇਲੇ ਚੀਨ ਦੇ ਮਾਲ ਉੱਪਰ (60 ਫ਼ੀਸਦੀ ਤੱਕ) ਟੈਕਸ ਲਾਉਣ ਦੀਆਂ ਧਮਕੀਆਂ ਬੰਦ ਕਰ ਦਿੱਤੀਆਂ ਹਨ। ਅਸੀਂ ਇਹ ਵੀ ਜਾਣਦੇ ਹਾਂ ਕਿ ਵਾਸ਼ਿੰਗਟਨ ਡੀਸੀ ਵਿੱਚ ਭਾਰਤੀ ਦੂਤਾਵਾਸ ਦੇ ਅਧਿਕਾਰੀਆਂ ਨੇ ਸਹੁੰ ਚੁੱਕ ਸਮਾਗਮ ਤੋਂ ਪੂਰਬਲੀ ਸ਼ਾਮ ਟਰੰਪ ਦੀ ਆ ਰਹੀ ਟੀਮ ਨੂੰ ਬੇਨਤੀ ਕੀਤੀ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਮਾਗਮ ਲਈ ਸੱਦਾ ਪੱਤਰ ਭੇਜ ਦਿੱਤਾ ਜਾਵੇ ਪਰ ਟਰੰਪ ਦੀ ਟੀਮ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਇਸ ਮੌਕੇ ਐਨਾ ਕੁਝ ਚੱਲ ਰਿਹਾ ਹੈ ਤੇ ਬਹੁਤਾ ਸਮਾਂ ਨਹੀਂ ਹੈ, ਜਾਂ ਇਹੋ ਜਿਹਾ ਕੋਈ ਹੋਰ ਬਹਾਨਾ। ਇਸ ਦੀ ਬਜਾਇ ਉਨ੍ਹਾਂ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐੱਸ ਜੈਸ਼ੰਕਰ ਨੂੰ ਸਮਾਗਮ ਵਿੱਚ ਅਗਲੀ ਕਤਾਰ ਵਿੱਚ ਬਿਠਾ ਦਿੱਤਾ (ਕੋਈ ਨਹੀਂ ਜਾਣਦਾ, ਹਾਨ ਜ਼ੈਂਗ ਕਿੱਥੇ ਬੈਠੇ ਸਨ)। ਕਿਸੇ ਵੀ ਵਿਦੇਸ਼ੀ ਨੀਤੀ ਦੀ ਅਧੂਰੀ ਸਫਲਤਾ ਦੇ ਅਕਸ ਤੋਂ ਚੰਗੀ ਤਰ੍ਹਾਂ ਵਾਕਿਫ਼ ਅਮਰੀਕੀਆਂ ਨੇ ਅਗਲੇ ਦਿਨ ਹੀ ਕੁਆਡ ਦੀ ਮੀਟਿੰਗ ਸੱਦ ਲਈ ਤੇ ਚੀਨੀਆਂ ਨੂੰ ਇਹ ਸੰਦੇਸ਼ ਦਿੱਤਾ ਕਿ ਜੇ ਤੁਸੀਂ ਸਾਡੇ ਗੁਆਂਢ 'ਚ ਆ ਕੇ ਆਢਾ ਲਵੋਗੇ ਤਾਂ ਦੇਖੋ ਸਾਡੇ ਕੋਲ ਭਾਰਤ, ਆਸਟਰੇਲੀਆ ਤੇ ਜਪਾਨ ਜਿਹੇ ਮੁਲਕ ਹਨ। ਹਰੇਕ ਖ਼ਾਸਕਰ ਭਾਰਤ ਲਈ ਇਸ ਦਾ ਵਡੇਰਾ ਸੰਦੇਸ਼ ਇਹ ਹੈ ਕਿ ਨਵੇਂ ਅਮਰੀਕਾ ਨੂੰ ਕਿਸੇ ਨਾਲ ਵੀ ਗੱਲਬਾਤ ਕਰਨ ਵਿੱਚ ਕੋਈ ਸਮੱਸਿਆ ਨਹੀਂ ਹੈ ਜੋ ਤੁਹਾਨੂੰ ਆਲੇ ਦੁਆਲੇ ਨਿਗਾਹ ਮਾਰ ਕੇ ਗ਼ੌਰ ਕਰਨ ਲਈ ਕਾਫ਼ੀ ਹੈ ਕਿ ਮਹਾਕੁੰਭ ਵਿੱਚ ਗੰਗਾ ਦੇ ਪ੍ਰਵਾਹ ਨਾਲੋਂ ਵੀ ਤੇਜ਼ੀ ਨਾਲ ਦੇਸ਼ ਆਪਣੇ ਦੋਸਤ ਬਦਲ ਰਹੇ ਹਨ। ਮਹੀਨਾ ਪਹਿਲਾਂ ਟਰੰਪ ਸ਼ੀ ਜਿਨਪਿੰਗ ਨੂੰ ਕਹਿਰਾਂ ਦੀਆਂ ਧਮਕੀਆਂ ਦੇ ਰਹੇ ਸਨ ਤੇ ਹੁਣ ਉਹ ਮਾਣੋ ਬਿੱਲੀ ਵਾਂਗ ਪੂਛ ਹਿਲਾ ਰਹੇ ਹਨ; ਤੇ ਇਸੇ ਹਫ਼ਤੇ ਦੇ ਸ਼ੁਰੂ ਵਿੱਚ ਪਾਕਿਸਤਾਨੀ ਆਈਐੱਸਆਈ ਦੀ ਟੀਮ ਬੰਗਲਾਦੇਸ਼ ਦੇ ਦੌਰੇ ਲਈ ਰਵਾਨਾ ਹੋਈ ਸੀ ਜੋ 2009 ਤੋਂ ਬਾਅਦ ਅਜਿਹਾ ਪਹਿਲਾ ਦੌਰਾ ਹੈ। ਇਸ ਤੋਂ ਕੁਝ ਦਿਨ ਪਹਿਲਾਂ ਹੀ ਲੈਫਟੀਨੈਂਟ ਜਨਰਲ ਐੱਸਐੱਮ ਕਮਰੁਲ ਹਸਨ ਦੀ ਅਗਵਾਈ ਹੇਠ ਬੰਗਲਾਦੇਸ਼ ਦਾ ਫ਼ੌਜੀ ਵਫ਼ਦ ਇਸਲਾਮਾਬਾਦ ਗਿਆ ਸੀ। ਇਸ ਮੰਥਨ ਦੇ ਦਰਮਿਆਨ 'ਪਹਾੜਾਂ ਨਾਲੋਂ ਉੱਚੇ, ਸਾਗਰ ਨਾਲੋਂ ਗਹਿਰੇ ਤੇ ਸ਼ਹਿਦ ਤੋਂ ਵੱਧ ਮਿੱਠੇ' ਦੇ ਰੂਪ ਵਿੱਚ ਪਰਿਭਾਸ਼ਤ ਕੀਤਾ ਜਾਂਦਾ ਜਿਹੜਾ ਇਕਮਾਤਰ ਰਿਸ਼ਤਾ ਕਾਇਮ ਦਾਇਮ ਰਿਹਾ ਹੈ, ਉਹ ਹੈ ਪਾਕਿਸਤਾਨ ਅਤੇ ਚੀਨ ਦਾ ਰਿਸ਼ਤਾ। ਇਸ ਲਈ ਪਿਆਰੇ ਪਾਠਕੋ, ਜਿਵੇਂ ਤੁਸੀਂ ਧਰਤੀ ਦੇ ਪੰਧ ਨੂੰ ਨਿਹਾਰਦੇ ਹੋ, ਉਸੇ ਤਰ੍ਹਾਂ ਪੁਰਾਣੀਆਂ ਵਫ਼ਾਦਾਰੀਆਂ ਨੂੰ ਮੁਰਝਾਉਂਦਿਆਂ ਅਤੇ ਨਵੇਂ ਰਿਸ਼ਤਿਆਂ ਨੂੰ ਉਸਰਦਿਆਂ ਵੀ ਤੱਕੋ। ਪੰਜਾਬ ਵਿੱਚ ਤੁਸੀਂ ਲੋਹੜੀ 'ਤੇ ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾਉਂਦੇ ਹੋ ਕਿਉਂਕਿ ਮਾਘ ਦੀ ਸੰਗਰਾਂਦ ਤੁਹਾਡੇ ਲਈ ਨਵੀਂ ਦੁਨੀਆ ਦਾ ਪੈਗ਼ਾਮ ਲੈ ਕੇ ਆਉਂਦੀ ਹੈ। ਆਓ ਦੇਖੀਏ ਕਿ ਮਾਘ ਨੇ ਹੁਣ ਤੱਕ ਦੁਨੀਆ ਲਈ ਕੀ ਕੁਝ ਨਵਾਂ ਲਿਆਂਦਾ ਹੈ: ਅਮਰੀਕਾ ਤੇ ਚੀਨ ਵਿਚਕਾਰ ਨਵੀਂ ਦੋਸਤੀ, ਚੀਨ ਤੇ ਪਾਕਿਸਤਾਨ ਵਿਚਕਾਰ ਪੁਰਾਣੇ ਰਿਸ਼ਤਿਆਂ ਦਾ ਟਿਕਾਓ ਅਤੇ ਨਾਲ ਹੀ ਪਾਕਿਸਤਾਨ ਅਤੇ ਬੰਗਲਾਦੇਸ਼ ਵਿਚਕਾਰ ਵਧ ਰਹੀ ਨੇੜਤਾ- ਆਖ਼ਿਰਕਾਰ, ਕਿਸੇ ਸਮੇਂ ਇਹ ਦੋਵੇਂ ਇੱਕੋ ਦੇਸ਼ ਸਨ ਜਦੋਂ 1971 ਵਿੱਚ ਦੁਨੀਆ ਅਚਾਨਕ ਬਦਲੀ ਅਤੇ ਨਵੇਂ ਦੇਸ਼ ਦਾ ਜਨਮ ਹੋਇਆ ਸੀ। ਹੁਣ ਇੱਕ ਵਾਰ ਫਿਰ ਦੁਨੀਆ ਬਦਲ ਰਹੀ ਹੈ। ਇਹ ਸਪਸ਼ਟ ਹੋ ਰਿਹਾ ਹੈ ਕਿ ਆਈਐੱਸਆਈ ਬੰਗਲਾਦੇਸ਼ ਵਿੱਚ ਇੰਚਾਰਜ ਹੈ। ਮੁੱਖ ਸਲਾਹਕਾਰ ਮੁਹੰਮਦ ਯੂਨਸ 'ਮੁਖੌਟਾ' ਬਣ ਕੇ ਰਹਿ ਗਏ ਹਨ ਜਿਨ੍ਹਾਂ ਰਾਖੇ ਦੇ ਤੌਰ 'ਤੇ ਆਪਣੀ ਭੂਮਿਕਾ ਨਿਭਾ ਦਿੱਤੀ ਹੈ ਤੇ ਜੇ ਹੁਣ ਉਹ ਚਲੇ ਵੀ ਜਾਣ ਜਾਂ ਬਣੇ ਰਹਿਣ ਤਾਂ ਵੀ ਕੋਈ ਫ਼ਰਕ ਨਹੀਂ ਪੈਣ ਲੱਗਿਆ। ਦੱਖਣੀ ਏਸ਼ੀਆ ਵਿੱਚ ਇੱਕ ਵਾਰ ਫਿਰ ਉੱਭਰ ਰਹੀ ਮਹਾਂ ਖੇਡ ਦਾ ਸੱਜਰਾ ਗੇੜ ਪਾਕਿਸਤਾਨ ਨੇ ਜਿੱਤ ਲਿਆ ਹੈ। ਬੰਗਲਾਦੇਸ਼ ਵਿੱਚ ਭਾਰਤ ਬੈਕਫੁੱਟ 'ਤੇ ਆ ਗਿਆ ਹੈ ਜਿਸ ਕਰ ਕੇ ਇਹ ਚੰਗੀ ਗੱਲ ਹੈ ਕਿ ਇਹ ਆਪਣੀ ਪੁਰਾਣੀ ਮਿੱਤਰ ਸ਼ੇਖ ਹਸੀਨਾ ਦਾ ਸਾਥ ਦੇ ਰਿਹਾ ਹੈ ਤੇ ਜਦੋਂ ਤੋਂ ਢਾਕਾ ਵਿੱਚ ਆਈਐੱਸਆਈ ਦੀ ਵਾਪਸੀ ਹੋ ਗਈ ਹੈ ਤਾਂ ਤੁਸੀਂ ਆਪਣੇ ਆਖ਼ਿਰੀ ਟਕੇ ਦੀ ਸ਼ਰਤ ਲਾ ਸਕਦੇ ਹੋ ਕਿ ਭਾਰਤ ਦੇ ਉੱਤਰ-ਪੂਰਬ ਵਿੱਚ ਅਸਥਿਰਤਾ ਦੀ ਨਵੀਂ ਖੇਡ ਸ਼ੁਰੂ ਹੋਣ ਵਾਲੀ ਹੈ। ਪਿਆਰੇ ਪਾਠਕੋ, ਯਾਦ ਰੱਖਣਾ ਕਿ ਦੋ ਸਾਲਾਂ ਬਾਅਦ ਮਨੀਪੁਰ ਅਜੇ ਵੀ ਜਲ ਰਿਹਾ ਹੈ, ਅਸਾਮ ਬਾਰੂਦ ਦੇ ਢੇਰ 'ਤੇ ਬੈਠਾ ਹੈ, ਬੰਗਲਾਦੇਸ਼ ਦੇ ਦਰਾਂ 'ਤੇ ਮੌਜੂਦ ਮਿਜ਼ੋਰਮ ਵਿੱਚ ਵੀ ਅਸਥਿਰਤਾ ਦਾ ਮਾਹੌਲ ਚੱਲ ਰਿਹਾ ਹੈ। ਇਸ ਗਣਤੰਤਰ ਦਿਵਸ 'ਤੇ ਵਿਦੇਸ਼ ਸਕੱਤਰ ਵਿਕਰਮ ਮਿਸਰੀ ਪੇਈਚਿੰਗ ਦੌਰੇ ਲਈ ਰਵਾਨਾ ਹੋ ਗਏ ਹਨ ਪਰ ਇਹ ਤੱਥ ਹੈ ਕਿ ਹਾਲ ਹੀ ਵਿੱਚ ਕਜ਼ਾਨ (ਰੂਸ) ਵਿੱਚ ਮੋਦੀ-ਸ਼ੀ ਦੀ ਜੱਫੀ ਪਵਾਉਣ ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਭੂਮਿਕਾ ਨਿਭਾਈ ਸੀ ਜਿਸ ਸਦਕਾ ਭਾਰਤ ਅਤੇ ਚੀਨ ਨੂੰ ਆਪਣੇ ਸਰਹੱਦੀ ਵਿਵਾਦਾਂ ਨੂੰ ਸੁਲਝਾਉਣ ਲਈ ਵਾਰਤਾਵਾਂ ਦਾ ਸਿਲਸਿਲਾ ਮੁੜ ਸ਼ੁਰੂ ਕਰਨ ਦਾ ਮੌਕਾ ਮਿਲਿਆ ਸੀ। ਇਹ ਵਧੀਆ ਚੀਜ਼ ਹੈ। ਜੰਗ-ਜੰਗ ਦੇ ਰਟਣ ਨਾਲੋਂ ਗੱਲਬਾਤ ਦਾ ਰਾਹ ਕਿਤੇ ਬਿਹਤਰ ਹੈ; ਖਾਸਕਰ ਜੇ ਤੁਸੀਂ ਭਾਰਤ ਅਤੇ ਚੀਨ ਵਿਚਕਾਰ ਜ਼ਬਰਦਸਤ ਫ਼ੌਜੀ ਨਾ-ਬਰਾਬਰੀ 'ਤੇ ਗ਼ੌਰ ਕਰੋ। ਇਸ ਲਈ ਸਮਝੌਤਾ ਹੋਣ ਨਾਲ ਜਿੱਥੇ ਭਾਰਤੀ ਦਸਤਿਆਂ ਨੂੰ ਉਸ ਜਗ੍ਹਾ 'ਤੇ ਗਸ਼ਤ ਕਰਨ ਦੀ ਆਗਿਆ ਮਿਲ ਗਈ ਹੈ ਜਿੱਥੇ ਉਹ ਅਪਰੈਲ 2020 ਤੱਕ ਗਸ਼ਤ ਕਰਦੇ ਸਨ ਹਾਲਾਂਕਿ ਅਜੇ ਵੀ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਕੀ ਦੋਵੇਂ ਦੇਸ਼ ਅਪਰੈਲ 2020 ਤੋਂ ਪਹਿਲਾਂ ਵਾਲੀਆਂ ਪੁਜ਼ੀਸ਼ਨਾਂ 'ਤੇ ਪਰਤ ਗਏ ਹਨ ਕਿ ਨਹੀਂ। ਇਸ ਦੌਰਾਨ ਇਹ ਵੀ ਚੰਗੀ ਗੱਲ ਹੈ ਕਿ ਪ੍ਰਧਾਨ ਮੰਤਰੀ ਮੋਦੀ ਟਰੰਪ ਨਾਲ ਛੇਤੀ ਮੀਟਿੰਗ ਰੱਖਣਾ ਚਾਹੁੰਦੇ ਹਨ ਜਿਸ ਤੋਂ ਉਨ੍ਹਾਂ ਨੂੰ ਅੰਦਾਜ਼ਾ ਹੋ ਜਾਵੇਗਾ ਕਿ ਅਮਰੀਕਾ-ਚੀਨ ਦੀ ਭਿਆਲੀ ਕਿਸ ਹੱਦ ਤੱਕ ਵਧੀ ਹੈ ਜਿਸ ਵਿੱਚ ਐਲਨ ਮਸਕ ਮੁੱਖ ਵਾਰਤਾਕਾਰ ਦੀ ਭੂਮਿਕਾ ਨਿਭਾ ਰਹੇ ਹਨ। ਸਾਫ਼ ਜ਼ਾਹਿਰ ਹੈ ਕ ਟਰੰਪ ਅਤੇ ਮਸਕ ਦੋਵੇਂ ਬਹੁਤ ਜ਼ਿਆਦਾ ਅਸਾਵੇਂ ਵਪਾਰ ਜੋ ਇਸ ਸਮੇਂ ਚੀਨ ਦੇ ਹੱਕ ਵਿੱਚ ਝੁਕਿਆ ਹੋਇਆ ਹੈ, ਨੂੰ ਸਾਵਾਂ ਕਰਨਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਦੁਸ਼ਮਣ ਨਾਲ ਗੱਲ ਕਰਨ ਵਿੱਚ ਕੋਈ ਸਮੱਸਿਆ ਨਹੀਂ ਹੈ। ਟਰੰਪ ਨੂੰ ਮਡਿ ਕ਼ਣ ਲਈ ਕੁਝ ਇਸੇ ਤਰ੍ਹਾਂ ਦਾ ਕੰਮ ਪੂਤਿਨ ਕਰ ਰਹੇ ਹਨ। ਉਹ ਕਹਿ ਰਹੇ ਹਨ ਕਿ ਆਓ ਗੱਲ ਕਰਦੇ ਹਾਂ, ਅਸਲ ਵਿੱਚ ਤੁਸੀਂ ਚਾਹੁੰਦੇ ਕੀ ਹੋ? ਹਾਲਾਂਕਿ ਪਿਛਲੇ ਕਰੀਬ ਤਿੰਨ ਸਾਲਾਂ ਦੌਰਾਨ ਰੂਸ ਨੇ ਆਪਣੇ ਸਕੇ ਭਰਾ ਯੂਕਰੇਨ ਨੂੰ ਬਰਬਾਦ ਕਰ ਕੇ ਰੱਖ ਦਿੱਤਾ ਹੈ ਪਰ ਇੱਕ ਗੱਲ ਸਾਫ਼ ਹੈ ਕਿ ਉਹ ਜੋਅ ਬਾਇਡਨ ਦੇ ਉਤਰਾਧਿਕਾਰੀ ਨਾਲ ਗੱਲਬਾਤ ਕਰਨ ਲਈ ਤਿਆਰ ਹਨ। ਨਵੀਂ ਦਿੱਲੀ ਦੀ ਸਮੱਸਿਆ ਇਹ ਹੈ ਕਿ ਵੱਡੇ ਦੇਸ਼ ਦੀਆਂ ਬਾਜ਼ੀਆਂ ਵਿੱਚ ਇਹ ਭਾਵਨਾਵਾਂ ਨੂੰ ਲੈ ਕੇ ਆ ਜਾਂਦੀ ਹੈ। ਟਰੰਪ ਹੋਵੇ ਜਾਂ ਪੂਤਿਨ ਜਾਂ ਸ਼ੀ, ਉਹ ਆਪਣੇ ਦੁਸ਼ਮਣਾਂ ਨਾਲ ਗੱਲਬਾਤ ਕਰਨ ਤੋਂ ਕਦੇ ਵੀ ਪਿੱਛੇ ਨਹੀਂ ਹਟਦੇ ਕਿਉਂਕਿ ਹਰੇਕ ਰਾਜਨੀਤੀ ਦਾ ਪਹਿਲਾ ਬੁਨਿਆਦੀ ਨੇਮ ਇਹ ਸਿਖਾਉਂਦਾ ਹੈ ਕਿ ਆਪਣੇ ਦੋਸਤਾਂ ਨੂੰ ਲਾਗੇ ਰੱਖੋ ਪਰ ਆਪਣੇ ਦੁਸ਼ਮਣਾਂ ਨੂੰ ਹੋਰ ਵੀ ਨੇੜੇ ਰੱਖੋ ਪਰ ਇਸ ਦੀ ਬਜਾਇ ਪ੍ਰਧਾਨ ਮੰਤਰੀ ਮੋਦੀ ਪਾਕਿਸਤਾਨ ਨਾਲ ਗੱਲਬਾਤ ਕਰਨ ਲਈ ਤਿਆਰ ਨਹੀਂ ਹਨ ਜਿਸ ਦੇ ਸਰਹੱਦ ਪਾਰ ਦਹਿਸ਼ਤਗਰਦੀ ਸਣੇ ਕਈ ਕਾਰਨ ਹਨ। ਹੁਣ ਇਹ ਖ਼ਬਰ ਆ ਰਹੀ ਹੈ ਕਿ ਦਿੱਲੀ ਨੇਪਾਲ ਦੇ ਪ੍ਰਧਾਨ ਮੰਤਰੀ ਕੇਪੀ ਓਲੀ ਤੋਂ ਨਾਖੁਸ਼ ਹੈ ਕਿਉਂਕਿ ਉਨ੍ਹਾਂ ਪਹਿਲਾਂ ਦਿੱਲੀ ਆਉਣ ਦੀ ਬਜਾਇ ਪੇਈਚਿੰਗ ਦੌਰਾ ਕਰਨ ਦੀ ਜੁਰੱਅਤ ਕੀਤੀ ਹੈ ਜਿਸ ਕਰ ਕੇ ਓਲੀ ਦੀ ਦਿੱਲੀ ਫੇਰੀ ਲੰਮੇ ਅਰਸੇ ਲਈ ਮੁਲਤਵੀ ਕਰ ਦਿੱਤੀ ਗਈ ਹੈ। ਇਹ ਵੱਖਰਾ ਮਾਮਲਾ ਹੈ ਕਿ ਪਾਕਿਸਤਾਨ ਤੇ ਨੇਪਾਲ, ਦੋਵੇਂ ਚੀਨ ਤੋਂ ਲਾਭ ਹਾਸਿਲ ਕਰਦੇ ਹਨ ਜਿਸ ਕਰ ਕੇ ਇਹ ਗੱਲ ਸਮਝ ਨਹੀਂ ਪੈਂਦੀ ਕਿ ਜੇ ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਨਾਲ ਭਾਰਤ ਦੀ ਦਾਲ ਨਹੀਂ ਗ਼ਲਦੀ ਤਾਂ ਇਸ ਦੀ ਸਜ਼ਾ ਉੱਥੋਂ ਦੇ ਲੋਕਾਂ ਨੂੰ ਕਿਉਂ ਦਿੱਤੀ ਜਾਂਦੀ ਹੈ? ਕੀ ਤੁਸੀਂ ਕਦੇ ਸੋਚਿਆ ਹੈ ਕਿ ਆਖ਼ਿਰ ਉਹ ਕਿਹੜੀ ਸ਼ੈਅ ਹੈ ਜੋ ਹਮੇਸ਼ਾ ਆਪਣੀ ਲੈਅ ਵਿੱਚ ਚੱਲਣ ਵਾਲੇ ਇਸ ਬੇਮਿਸਾਲ ਬਹੁਭਾਂਤੇ ਤੇ ਪ੍ਰਾਚੀਨ ਦੇਸ਼ ਨੂੰ ਮਹਾਨਤਾ ਹਾਸਲ ਕਰਨ ਤੋਂ ਰੋਕਦੀ ਹੈ?

ਗਾਂਧੀ ਨਗਰ 'ਚ ਸੰਸਦ ਮੈਂਬਰ ਰਾਘਵ ਚੱਢਾ ਦੇ ਵਿਸ਼ਾਲ ਰੋਡ ਸ਼ੋਅ 'ਚ ਹੋਇਆ ਲੋਕਾਂ ਦਾ ਭਾਰੀ ਇਕੱਠ, ਸੰਸਦ ਮੈਂਬਰ ਨੇ ਕਿਹਾ- ਪੰਜ ਤਰੀਕ ਦਾ ਦਿਨ ਹੋਵੇਗਾ, ਝਾੜੂ ਚੋਣ ਨਿਸ਼ਾਨ ਹੋਵੇਗਾ

ਸੰਸਦ ਮੈਂਬਰ ਰਾਘਵ ਚੱਢਾ ਦੀ ਅਗਵਾਈ 'ਚ ਗਾਂਧੀ ਨਗਰ ਵਿਧਾਨ ਸਭਾ ਹਲਕੇ 'ਚ ਹੋਏ ਰੋਡ ਸ਼ੋਅ 'ਚ ਹਜ਼ਾਰਾਂ ਲੋਕਾਂ ਨੇ ਲਿਆ ਹਿੱਸਾ

ਨਵੀਂ ਦਿੱਲੀ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਰਾਘਵ ਚੱਢਾ ਨੇ ਅੱਜ ਗਾਂਧੀ ਨਗਰ ਵਿਧਾਨ ਸਭਾ ਹਲਕੇ ਵਿੱਚ ਇੱਕ ਵਿਸ਼ਾਲ ਰੋਡ ਸ਼ੋਅ ਕੀਤਾ। ਗਾਂਧੀ ਨਗਰ ਸੀਟ ਤੋਂ ਆਮ ਆਦਮੀ ਦੇ ਉਮੀਦਵਾਰ ਦੀਪੂ ਚੌਧਰੀ ਦੇ ਸਮਰਥਨ 'ਚ ਆਯੋਜਿਤ ਇਸ ਰੋਡ ਸ਼ੋਅ 'ਚ ਹਜ਼ਾਰਾਂ ਲੋਕਾਂ ਨੇ ਸ਼ਿਰਕਤ ਕੀਤੀ। ਰੋਡ ਸ਼ੋਅ ਵਿੱਚ ਸਮਰਥਕਾਂ ਦਾ ਜੋਸ਼ ਅਤੇ ਸਮਰਥਨ ਦੇਖਣ ਯੋਗ ਸੀ। ਰੋਡ ਸ਼ੋਅ 'ਚ ਹਜ਼ਾਰਾਂ ਲੋਕਾਂ ਦੀ ਇਕੱਠੀ ਹੋਈ ਭੀੜ ਇਸ ਗੱਲ ਦਾ ਸੰਕੇਤ ਦੇ ਰਹੀ ਹੈ ਕਿ ਵਿਧਾਨ ਸਭਾ ਚੋਣਾਂ ਵਿੱਚ 8 ਫਰਵਰੀ ਨੂੰ ਵੋਟਾਂ ਦੀ ਗਿਣਤੀ ਵਾਲੇ ਦਿਨ ਆਮ ਆਦਮੀ ਪਾਰਟੀ ਨੂੰ ਭਾਰੀ ਫਤਵਾ ਮਿਲਣ ਵਾਲਾ ਹੈ।

ਰੋਡ ਸ਼ੋਅ ਦੌਰਾਨ 'ਭਾਰਤ ਮਾਤਾ ਦੀ ਜੈ' ਅਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰਿਆਂ ਦਰਮਿਆਨ ਸੰਸਦ ਮੈਂਬਰ ਰਾਘਵ ਚੱਢਾ ਨੇ ਕਿਹਾ, 'ਗਾਂਧੀ ਨਗਰ ਵਿਧਾਨ ਸਭਾ ਹਲਕੇ ਦੇ ਹਜ਼ਾਰਾਂ ਲੋਕ ਆਮ ਆਦਮੀ ਪਾਰਟੀ ਦੇ ਸਮਰਥਨ ਵਿੱਚ ਸਾਹਮਣੇ ਆਏ ਹਨ। ਗਾਂਧੀ ਨਗਰ ਦੇ ਲੋਕਾਂ ਨੇ ਹਮੇਸ਼ਾ ਵਿਕਾਸ ਅਤੇ ਇਮਾਨਦਾਰੀ ਦੀ ਰਾਜਨੀਤੀ ਦਾ ਸਮਰਥਨ ਕੀਤਾ ਹੈ। ਲੋਕਾਂ ਦੀ ਭੀੜ ਦੱਸ ਰਹੀ ਹੈ ਕਿ ਜਨਤਾ 'ਆਪ' ਅਤੇ ਅਰਵਿੰਦ ਕੇਜਰੀਵਾਲ ਨੂੰ ਆਸ਼ੀਰਵਾਦ ਦੇਣ ਜਾ ਰਹੀ ਹੈ।

ਜਿਹੜੀ ਪਾਰਟੀ ਆਪਣੇ ਕੰਮ ਲਈ ਸਕਾਰਾਤਮਕ ਏਜੰਡਾ ਅਤੇ ਬਲੂਪ੍ਰਿੰਟ ਲੈ ਕੇ ਆਉਂਦੀ ਹੈ, ਜਨਤਾ ਉਸ ਨੂੰ ਹੀ ਚੁਣਦੀ ਹੈ।

ਉਨ੍ਹਾਂ ਕਿਹਾ ਕਿ ਅੱਜ ਦੇ ਇਸ ਰੋਡ ਸ਼ੋਅ ਵਿੱਚ ਇਕੱਠੀ ਹੋਈ ਭੀੜ ਤੋਂ ਸਾਫ਼ ਪਤਾ ਲੱਗਦਾ ਹੈ ਕਿ ਜਦੋਂ 8 ਫਰਵਰੀ ਨੂੰ ਦਿੱਲੀ ਵਿਧਾਨ ਸਭਾ ਚੋਣਾਂ ਦੇ ਨਤੀਜੇ ਐਲਾਨੇ ਜਾਣਗੇ ਤਾਂ ਗਾਂਧੀ ਨਗਰ ਵਿਧਾਨ ਸਭਾ ਸੀਟ ਉਹ ਸੀਟ ਹੋਵੇਗੀ ਜਿਸ ਨੂੰ 'ਆਪ' ਵੱਡੀ ਜਿੱਤ ਨਾਲ ਜਿੱਤੇਗੀ।

ਰਾਘਵ ਚੱਢਾ ਨੇ ਅਪੀਲ ਕੀਤੀ, ਕਿਸੇ ਵੀ 'ਐਰੇ- ਗੈਰੇ' ਨੂੰ ਵੋਟ ਨਾ ਪਾਓ। 5 ਫਰਵਰੀ ਨੂੰ ਝਾੜੂ ਦਾ ਬਟਨ ਦਬਾਓ ਅਤੇ ਭਰਾ ਦੀਪੂ ਚੌਧਰੀ ਨੂੰ ਜਿਤਾਓ। ਇਹ ਚੋਣ ਬਹੁਤ ਮਹੱਤਵਪੂਰਨ ਹੈ ਅਤੇ ਗਾਂਧੀ ਨਗਰ ਦਾ ਪਿਆਰ ਹਮੇਸ਼ਾ ਅਰਵਿੰਦ ਕੇਜਰੀਵਾਲ ਨਾਲ ਰਿਹਾ ਹੈ।

ਦੀਪੂ ਚੌਧਰੀ ਤੁਹਾਡੇ ਵਿੱਚੋਂ ਇੱਕ ਹੈ, ਮੈਨੂੰ ਯਕੀਨ ਹੈ ਕਿ ਤੁਸੀਂ ਸਾਨੂੰ ਇੱਕ ਮੌਕਾ ਦਿਓਗੇ ਅਤੇ ਅਸੀਂ ਤੁਹਾਡੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰਾਂਗੇ।

ਪੰਜ ਤਰੀਖ ਦਾ ਦਿਨ ਹੋਵੇਗਾ, ਝਾੜੂ ਚੋਣ ਚਿੰਨ੍ਹ ਹੋਵੇਗਾ

ਇਸ ਸ਼ਾਨਦਾਰ ਰੋਡ ਸ਼ੋਅ ਦੇ ਦੌਰਾਨ ਸਾਂਸਦ ਰਾਘਵ ਚੱਢਾ ਨੇ ਪਾਰਟੀ ਵਲੰਟੀਅਰਾਂ ਅਤੇ ਜਨਤਾ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ 'ਆਪ' ਦੇ ਏਜੇਂਡੇ ਅਤੇ ਵਿਕਾਸ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ, ਪੰਜ ਤਰੀਖ ਦਾ ਦ

ਗਰਿਮਾਵਨ

ਕਿੰਨੂ ਦੇ ਬੂਟੇ ਉੱਪਰ ਸਾਲ ਵਿਚ ਕਈ ਵਾਰ ਫੁਟਾਰਾ ਆਉਣ ਕਾਰਨ ਇਸ 'ਤੇ ਕੀੜਿਆਂ ਦਾ ਹਮਲਾ ਵੀ ਜ਼ਿਆਦਾ ਹੁੰਦਾ ਹੈ। ਛੋਟੀਆਂ-ਛੋਟੀਆਂ ਕੁਝ ਸਾਵਧਾਨੀਆਂ ਨਾਲ ਅਸੀਂ ਕਾਫੀ ਹੱਦ ਤਕ ਇਨ੍ਹਾਂ ਕੀੜਿਆਂ ਦੇ ਹਮਲੇ ਨੂੰ ਘੱਟ ਕਰ ਸਕਦੇ ਹਾਂ...

ਕਿੰਨੂ ਦੇ ਕੀੜਿਆਂ ਦੀ ਸਰਵਪੱਖੀ ਰੋਕਥਾਮ

• ਮਨਦੀਪ ਪਠਾਨੀਆਂ, ਕੁਲਦੀਪ ਸਿੰਘ ਭੁੱਲਰ

ਪੰਜਾਬ 'ਚ ਫਲਾਂ ਅਧੀਨ ਕੁੱਲ ਰਕਬੇ ਦਾ ਤਕਰੀਬਨ 60 ਫ਼ੀਸਦੀ ਰਕਬਾ ਕਿੰਨੂ ਹੇਠ ਹੈ। ਕਿੰਨੂ ਦੇ ਪੌਦੇ ਉੱਪਰ ਸਾਲ 'ਚ ਕਈ ਵਾਰ ਫੁਟਾਰਾ ਆਉਂਦਾ ਹੈ, ਜੋ ਕਈ ਕਿਸਮਾਂ ਦੇ ਕੀੜਿਆਂ ਨੂੰ ਸੱਦੇ ਦਾ ਕਾਰਨ ਬਣਦਾ ਹੈ। ਇਨ੍ਹਾਂ ਕੀੜਿਆਂ 'ਚ ਮੁੱਖ ਤੌਰ ਤੇ ਸਿੱਲਾ ਜਾਂ ਖੜ੍ਹਵਾਂ ਤੇਲਾ (ਸਿਟਰਸ ਸਿੱਲਾ), ਸੁਰੰਗੀ ਕੀੜਾ (ਲੀਫ ਮਾਈਨਰ), ਚੇਪਾ (ਏਫਿਡ), ਚਿੱਟੀ ਮੱਖੀ (ਵਾਈਟ ਫਲਾਈ), ਕਾਲੀ ਮੱਖੀ (ਬਲੈਕ ਫਲਾਈ), ਨਿੰਬੂ ਜਾਤੀ ਦੀ ਡੂਰੀ ਜੂੰ (ਸਿਟਰਸ ਥਰਿੱਪ), ਫਲ ਚੂਸਣਾ ਪਤੰਗਾ, ਮਿਲੀ ਬੱਗ (ਗੁਦੈਹੜੀ), ਪੱਤਾ ਲਪੇਟ ਸੁੰਡੀ (ਲੀਫ ਰੋਲਰ), ਜੂੰ (ਮਾਈਟ), ਪੇਪੜੀ ਵਾਲਾ ਕੀੜਾ (ਸਕੇਲ ਕੀੜਾ), ਫਲ ਦੀ ਮੱਖੀ (ਫਰੂਟ ਫਲਾਈ) ਸ਼ਾਮਲ ਹਨ। ਇਹ ਕੀੜੇ ਬੂਟਿਆਂ ਦੇ ਸਿੱਧੇ ਨੁਕਸਾਨ ਤੋਂ ਇਲਾਵਾ ਕਈ ਤਰ੍ਹਾਂ ਦੇ ਵਿਸ਼ਾਣੂ ਤੇ ਜੀਵਾਣੂ ਰੋਗ ਫੈਲਾਉਂਦੇ ਹਨ।

ਸਿੱਲਾ ਜਾਂ ਸੰਤਰੀ ਤੇਲਾ

ਸਿੱਲਾ ਸਭ ਤੋਂ ਜ਼ਿਆਦਾ ਨੁਕਸਾਨ ਕਰਨ ਵਾਲਾ ਕੀੜਾ ਹੈ, ਜੋ ਮਾਰਚ-ਨਵੰਬਰ ਤਕ ਸਰਗਰਮ ਰਹਿੰਦਾ ਹੈ। ਜਵਾਨ ਕੀੜੇ ਤੇ ਪੂੰਗ (ਨਿੰਫਸ) ਝੰਡਾਂ 'ਚ ਫੁੱਲ-ਡੋਡੀਆਂ, ਨਵੇਂ ਫੁਟਾਰੇ ਤੇ ਨਰਮ ਟਾਹਣੀਆਂ 'ਚੋਂ ਰਸ ਚੂਸਦੇ ਹਨ, ਜਿਸ ਨਾਲ ਪੱਤੇ ਹੇਠਾਂ ਵੱਲ ਮੁੜ ਜਾਂਦੇ ਹਨ। ਪ੍ਰਭਾਵਿਤ ਟਾਹਣੀਆਂ ਥੱਲੇ ਵੱਲ ਨੂੰ ਸੱਕ ਜਾਂਦੀਆਂ ਹਨ। ਇਹ ਕੀੜਾ ਰਸ ਚੂਸਣ ਸਮੇਂ ਪੱਤਿਆਂ 'ਚ ਜ਼ਹਿਰੀਲਾ ਮਾਦਾ (ਟੌਕਸਿਨ) ਛੱਡਦਾ ਹੈ, ਜਿਸ ਕਾਰਨ ਇਸ ਦੇ ਨਾਲ ਵਾਲੀਆਂ ਟਾਹਣੀਆਂ ਵੀ ਸੁੱਕ ਜਾਂਦੀਆਂ ਹਨ। ਇਹ ਆਪਣੇ ਸਰੀਰ 'ਚੋਂ ਮਿੱਠਾ ਮਾਦਾ ਛੱਡਦਾ ਹੈ, ਇਸ ਤਰਲ ਉੱਪਰ ਕਾਲੀ ਉੱਲੀ (ਸੂਟੀ ਮੋਲਡ) ਵਿਕਸਤ ਹੋ ਜਾਂਦੀ ਹੈ ਜਿਸ ਕਰਕੇ ਪ੍ਰਕਾਸ਼ ਸੰਸਲੇਸ਼ਣ ਕਿਰਿਆ ਪੂਰੀ ਨਹੀਂ ਹੁੰਦੀ ਤੇ ਬੂਟੇ ਦਾ ਵਾਧਾ ਨਹੀਂ ਹੁੰਦਾ। ਇਸ ਦੇ ਪੂੰਗ ਗਰੀਨਿੰਗ ਨਾਂ ਦਾ ਰੋਗ ਵੀ ਫ਼ੈਲਾਉਂਦੇ ਹਨ।

ਚੇਪਾ ਜਾਂ ਏਫਿਡ

ਪੰਜਾਬ 'ਚ 'ਕਾਲਾ ਚੇਪਾ', 'ਆੜੂ ਦਾ ਹਰਾ ਚੇਪਾ' ਤੇ 'ਨਰਮੇ ਦਾ ਚੇਪਾ' ਕਿੰਨੂਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਹ ਹਲਕੇ ਮੌਸਮ ਦੇ ਸ਼ੁਰੂ ਹੋਣ 'ਤੇ ਸਰਗਰਮ ਹੁੰਦਾ ਹੈ। ਹਰਾ ਚੇਪਾ (ਮਾਈਜ਼ਸ) ਤੇ ਕਾਲਾ ਚੇਪਾ (ਟੌਕਸੋਪਟੈਰਾ) ਫਰਵਰੀ-ਮਈ ਤੇ ਨਰਮੇ ਦਾ ਚੇਪਾ, ਹਰਾ ਚੇਪਾ (ਮਾਈਜ਼ਸ) ਤੇ ਕਾਲਾ ਚੇਪਾ (ਟੌਕਸੋਪਟੈਰਾ) ਅਗਸਤ-ਨਵੰਬਰ ਤਕ ਸਰਗਰਮ ਰਹਿੰਦਾ ਹੈ। ਚੇਪੇ ਦੇ ਪੂੰਗ ਤੇ ਬਾਲਗ ਦੋਵੇਂ ਹੀ ਪੱਤੇ, ਫੁੱਲਾਂ ਤੇ ਨਰਮ ਫਲਾਂ 'ਚੋਂ ਰਸ ਚੂਸ ਕੇ ਬੂਟੇ ਦਾ ਨੁਕਸਾਨ ਕਰਦੇ ਹਨ। ਹਮਲੇ ਵਾਲੇ ਪੱਤਿਆਂ 'ਤੇ ਟੋਏ ਜਿਹੇ ਪੈ ਜਾਂਦੇ ਹਨ, ਫੁੱਲ ਤੇ ਡੋਡੀਆਂ ਝੜ ਜਾਂਦੇ ਹਨ। ਨਰਮ ਫਲ ਪੱਕਣ ਤੋਂ ਪਹਿਲਾਂ ਹੀ ਡਿੱਗ ਪੈਂਦੇ ਹਨ। ਬੂਟਾ ਮਧਰਾ ਰਹਿ ਜਾਂਦਾ ਹੈ। ਇਹ ਕੀੜੇ ਟਰਿਸਟੀਜਾ ਨਾਮੀ ਵਿਸ਼ਾਣੂ ਦਾ ਰੋਗ ਵੀ ਫੈਲਾਉਂਦੇ ਹਨ।

ਸੁਰੰਗੀ ਕੀੜਾ ਜਾਂ ਲੀਫ ਮਾਈਨਰ

ਸੁਰੰਗੀ ਕੀੜਾ ਕਿੰਨੂ ਦੇ ਛੋਟੇ ਬੂਟਿਆਂ ਲਈ ਬੇਹੱਦ ਖ਼ਤਰਨਾਕ ਹੈ। ਇਹ ਮਾਰਚ ਦੇ ਅਖ਼ੀਰ ਤੋਂ ਨਵੰਬਰ ਤਕ ਸਰਗਰਮ ਰਹਿੰਦਾ ਹੈ ਪਰ ਇਹ ਜ਼ਿਆਦਾ ਨੁਕਸਾਨ ਅਪ੍ਰੈਲ ਦੇ ਅਖ਼ੀਰ ਤੋਂ ਜੂਨ ਮੱਧ ਤਕ ਅਤੇ ਜੁਲਾਈ ਦੇ ਅਖ਼ੀਰਲੇ ਹਫ਼ਤੇ ਤੋਂ ਅਕਤੂਬਰ ਦੇ ਮੱਧ ਤਕ ਕਰਦਾ ਹੈ। ਇਸ ਦੀਆਂ ਸੁੰਡੀਆਂ ਨਰਮ ਪੱਤਿਆਂ ਤੇ ਟਾਹਣੀਆਂ ਵਿਚ ਸੱਪ-ਚਾਲ ਵਰਗੀਆਂ ਸੁਰੰਗਾਂ ਬਣਾ ਕੇ ਪੱਤੇ ਦਾ ਅੰਦਰਲਾ ਹਿੱਸਾ ਖਾਂਦੀਆਂ ਹਨ। ਜਿਸ ਨਾਲ ਪੱਤੇ ਸੁੰਗੜ ਕੇ ਇਕੱਠੇ ਹੋ ਜਾਂਦੇ ਹਨ। ਇਹ ਸੁਰੰਗਾਂ ਟਾਹਣੀਆਂ, ਕੋਮਲ ਸ਼ਾਖਾਵਾਂ ਤੇ ਫਲਾਂ ਉੱਪਰ ਵੀ ਬਣੀਆਂ ਮਿਲਦੀਆਂ ਹਨ।

ਚਿੱਟੀ ਮੱਖੀ ਤੇ ਕਾਲੀ ਮੱਖੀ

ਇਹ ਕੀੜੇ ਅਪ੍ਰੈਲ ਤੋਂ ਨਵੰਬਰ ਤਕ ਸਰਗਰਮ ਰਹਿੰਦੇ ਹਨ ਪਰ ਜ਼ਿਆਦਾ ਨੁਕਸਾਨ ਅਪ੍ਰੈਲ-ਮਈ ਤੇ ਸਤੰਬਰ-ਅਕਤੂਬਰ 'ਚ ਕਰਦੇ ਹਨ। ਇਸ ਦੇ ਬੱਚੇ ਤੇ ਜਵਾਨ ਕੀੜੇ ਨਵੇਂ ਪੱਤਿਆਂ ਦਾ ਰਸ ਚੂਸਦੇ ਹਨ, ਜਿਸ ਨਾਲ ਬੂਟੇ ਦੀ ਤਾਕਤ ਘਟ ਜਾਂਦੀ ਹੈ। ਗੰਭੀਰ ਹਮਲੇ ਸਮੇਂ ਪੱਤੇ ਪੀਲੇ ਪੈ ਕੇ ਝੜ ਜਾਂਦੇ ਹਨ। ਕੀੜਿਆਂ ਦੇ ਬੱਚੇ, ਪੱਤਿਆਂ ਉੱਪਰ ਮਿੱਠਾ ਮਲ ਤਿਆਰਦੇ ਹਨ, ਜਿਸ ਉੱਪਰ ਕਾਲੀ ਉੱਲੀ ਵਿਕਸਤ ਹੋ ਜਾਂਦੀ ਹੈ। ਗੰਭੀਰ ਹਮਲੇ ਕਾਰਨ ਬੂਟਿਆਂ ਨੂੰ ਫੁੱਲ ਘੱਟ ਪੈਂਦੇ ਹਨ। ਜਿਸ ਕਰਕੇ ਫਲ ਵੀ ਘੱਟ ਬਣਦੇ ਹਨ।

ਜੂੰ ਜਾਂ ਮਾਈਟ

ਮਈ-ਜੂਨ ਦੇ ਖ਼ੁਸ਼ਕ ਤੇ ਗਰਮ ਮੌਸਮ 'ਚ ਇਸ ਦਾ ਹਮਲਾ ਜ਼ਿਆਦਾ ਹੁੰਦਾ ਹੈ। ਸਿੰਚਾਈ ਦੀ ਕਮੀ ਇਸ ਦੇ ਹਮਲੇ ਨੂੰ ਵਧਾ ਦਿੰਦੀ ਹੈ। ਇਹ ਕੀੜਾ ਪੱਤਿਆਂ, ਨਰਮ ਟਾਹਣੀਆਂ ਤੇ ਫਲਾਂ ਨੂੰ ਖੁਰਚ ਕੇ ਰਸ ਚੂਸਦੇ ਹਨ। ਪੱਤਿਆਂ ਉੱਪਰ ਹਮਲੇ ਵਾਲੀ ਥਾਂ ਦਾ ਰੰਗ ਪੀਲਾ-ਮਾਕੀ ਹੋ ਜਾਂਦਾ ਹੈ ਤੇ ਪੱਤੇ ਆਮ ਤੌਰ 'ਤੇ ਧੁੜ ਵਰਗੇ ਨਜ਼ਰ ਆਉਂਦੇ ਹਨ। ਜੂੰ ਦਾ ਹਮਲਾ ਪੱਤਿਆਂ ਦੀ ਖ਼ੁਰਾਕ ਬਣਾਉਣ ਦੀ ਤੀਖ਼ਰਤਾ ਨੂੰ ਪ੍ਰਭਾਵਿਤ ਕਰਦਾ ਹੈ ਤੇ ਬੂਟਾ ਕਮਜ਼ੋਰ ਰਹਿ ਜਾਂਦਾ ਹੈ।

ਸਿਟਰਸ ਥਰਿੱਪ ਜਾਂ ਡੂਰੀ ਜੂੰ

ਫਰਵਰੀ-ਮਾਰਚ 'ਚ ਜਦ ਫੁੱਲ ਆਉਣੇ ਸ਼ੁਰੂ ਹੁੰਦੇ ਹਨ ਤਾਂ ਇਹ ਕੀੜਾ ਵੀ ਸਰਗਰਮ ਹੋ ਜਾਂਦਾ ਹੈ। ਇਹ ਅਪ੍ਰੈਲ ਦੇ ਤੀਜੇ ਹਫ਼ਤੇ ਤਕ ਸਰਗਰਮ ਰਹਿੰਦਾ ਹੈ। ਇਸ ਦੇ ਬੱਚੇ ਤੇ ਬਾਲਗ ਫੁੱਲ, ਕਲੀ, ਪੱਤਾ ਕਲੀ ਤੇ ਨਵੇਂ ਪੱਤਿਆਂ ਦਾ ਰਸ ਚੂਸਦੇ ਹਨ। ਫਲ ਉੱਪਰ ਡੰਡੀ ਦੇ ਦੁਆਲੇ ਚਮਕੀਲਾ ਚਾਂਦੀ ਰੰਗਾ ਘੇਰਾ ਇਸ ਦੇ ਹਮਲੇ ਦੀ ਖ਼ਾਸ ਨਿਸ਼ਾਨੀ ਹੈ। ਅਜਿਹੇ ਫਲਾਂ ਦਾ ਮੰਡੀ ਵਿਚ ਭਾਅ ਘਟ ਜਾਂਦਾ ਹੈ।

ਮਿਲੀ ਬੱਗ

ਮਿਲੀ ਬੱਗ ਕੀੜਾ ਜੁਲਾਈ ਤੋਂ ਅਕਤੂਬਰ ਤਕ ਸਰਗਰਮ ਰਹਿੰਦਾ ਹੈ। ਇਸ ਦੇ ਬੱਚੇ (ਪੂੰਗ) ਤੇ ਬਾਲਗ ਮਾਦਾ ਪੱਤਿਆਂ, ਨਰਮ ਟਾਹਣੀਆਂ ਤੇ ਫਲਾਂ 'ਚੋਂ ਰਸ ਚੂਸਦੇ ਹਨ, ਜਿਸ ਨਾਲ ਬੂਟੇ ਦੇ ਵਾਧੇ 'ਤੇ ਮਾੜਾ ਅਸਰ ਪੈਂਦਾ ਹੈ। ਫਲਾਂ ਦੀਆਂ ਡੰਡੀ ਤੇ ਫਲ ਦੇ ਜੋੜ 'ਤੇ ਹਮਲੇ ਕਾਰਨ ਇਹ ਪੱਕਣ ਤੋਂ ਪਹਿਲਾਂ ਹੀ ਕਿਰ ਜਾਂਦੇ ਹਨ।

ਫਲ ਦੀ ਮੱਖੀ

ਇਹ ਨੀਮ ਪਹਾੜੀ ਇਲਾਕਿਆਂ 'ਚ ਜ਼ਿਆਦਾ ਨੁਕਸਾਨ ਕਰਦੀ ਹੈ। ਬਰਸਾਤੀ ਮੌਸਮ 'ਚ ਇਸ ਦਾ ਹਮਲਾ ਗੰਭੀਰ ਹੋ ਜਾਂਦਾ ਹੈ। ਇਸ ਦਾ ਹਮਲਾ ਆੜੂ, ਅਮਰੂਦ, ਅੰਬ, ਨਾਸ਼ਪਾਤੀ, ਅਲੂਚਾ, ਲੁਕਾਠ ਤੇ ਆਮ ਹੁੰਦਾ ਹਨ। ਮਾਦਾ ਜਵਾਨ ਮੱਖੀ ਆਂਡੇ ਦੇਣ ਵਾਲੀ ਨਲੀ ਫਲ ਅੰਦਰ ਪ੍ਰਵੇਸ਼ ਕਰ ਕੇ ਉਪਰਲੀ ਤਹਿ ਦੇ ਥੱਲੇ ਆਂਡੇ ਦਿੰਦੀ ਹੈ। ਛੇਕ ਕੀਤੇ ਫਲਾਂ 'ਚ ਆਂਡੇ ਦੇਣ ਵਾਲੀ ਨਲੀ ਫਲ 'ਚ ਖੁੱਭ ਜਾਣ ਕਾਰਨ ਫਲਾਂ 'ਚ ਛੇਕ ਹੋ ਜਾਂਦੇ ਹਨ। ਛੇਕਾਂ ਦੇ ਦੁਆਲੇ ਦਾ ਹਿੱਸਾ ਖ਼ਰਾਬ ਹੋ ਜਾਂਦਾ ਹੈ। ਆਂਡਿਆਂ 'ਚੋਂ ਨਿਕਲੀਆਂ ਸੁੰਡੀਆਂ ਕੇ ਫਲ ਦਾ ਪਲਪ ਖਾਂਦੀਆਂ ਹਨ। ਖ਼ਰਾਬ ਹਿੱਸੇ 'ਤੇ ਜੀਵਾਣੂਆਂ ਤੇ ਉੱਲੀਆਂ ਦੇ ਹਮਲੇ ਕਾਰਨ ਫਲ ਗਲ ਜਾਂ ਦੇ ਹਨ।

ਪੱਤਾ ਲਪੇਟ ਸੁੰਡੀ

ਇਸ ਸੁੰਡੀ ਦਾ ਹਮਲਾ ਕਦੇ ਕਦਾਈਂ ਹੀ ਹੁੰਦਾ ਹੈ ਤੇ ਇਹ ਨਰਸਰੀ ਤੇ ਨਵੇਂ ਬਾਗ਼ਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਸੁੰਡੀ ਆਪਣੇ ਮੂੰਹ 'ਚੋਂ ਕੱਢੇ ਜਾਲੇ ਕਾਰਨ ਪੱਤਿਆਂ ਨੂੰ ਆਪਣੇ ਦੁਆਲੇ ਲਪੇਟ ਕੇ ਪੱਤੇ ਦੇ ਹਰੇ ਮਾਦੇ ਨੂੰ ਅੰਦਰੋਂ ਖਾਂਦੀ ਰਹਿੰਦੀ ਹੈ। ਨੁਕਸਾਨੇ ਗਏ ਪੱਤੇ ਸੁੱਕ ਕੇ ਝੜ ਜਾਂਦੇ ਹਨ। ਹਮਲੇ ਵਾਲੇ ਬੂਟੇ ਛੋਟੇ ਰਹਿ ਜਾਂਦੇ ਹਨ। ਹਮਲਾ ਗੰਭੀਰ ਹੋਣ 'ਤੇ ਬੂਟੇ ਦੀਆਂ ਉਪਰਲੀਆਂ ਅੱਖਾਂ ਝੜ ਜਾਂਦੀਆਂ ਹਨ। ਇਹ ਅਪ੍ਰੈਲ ਤੋਂ ਅਕਤੂਬਰ ਤਕ ਸਰਗਰਮ ਰਹਿੰਦਾ ਹੈ ਤੇ ਮਾਨਸੂਨ 'ਚ ਇਸ ਦਾ ਹਮਲਾ ਵਧ ਜਾਂਦਾ ਹੈ।

ਰੋਕਥਾਮ

- ਲੋੜ ਤੋਂ ਵੱਧ ਸਿੰਚਾਈ, ਨਾਈਟਰੋਜਨ ਵਾਲੀਆਂ ਖਾਦਾਂ ਕਾਰਨ ਇਨ੍ਹਾਂ ਕੀੜਿਆਂ ਦਾ ਹਮਲਾ ਵਧੇਰੇ ਹੁੰਦਾ ਹੈ। ਖ਼ੁਸ਼ਕ ਮੌਸਮ 'ਚ ਸਿੰਚਾਈ ਘੱਟ ਕੀਤੀ ਜਾਵੇ ਤਾਂ ਮਾਈਟ ਤੇ ਥਰਿੱਪ ਦਾ ਹਮਲਾ ਵਧੇਰੇ ਹੋ ਸਕਦਾ ਹੈ।
- ਬਾਗ਼ਾਂ 'ਚੋਂ ਨਦੀਨਾਂ ਨੂੰ ਖ਼ਤਮ ਕਰਦੇ ਰਹੋ।
- ਪੌਦਿਆਂ ਦੇ ਸਰਗਰਮ ਵਾਧੇ ਸਮੇਂ ਇਨ੍ਹਾਂ ਦੀ ਕਾਂਟ-ਛਾਂਟ ਨਾ ਕਰੋ, ਕਿਉਂਕਿ ਨਵਾਂ ਫੁਟਾਰਾ ਆ ਕੇ ਕੀੜੇ-ਮਕੌੜਿਆਂ ਦੇ ਵਾਧੇ ਦਾ ਕਾਰਨ ਬਣਦਾ ਹੈ।
- ਡਿੱਗੇ ਫਲਾਂ ਨੂੰ ਇਕੱਠਾ ਕਰ ਕੇ ਨਸ਼ਟ ਕਰਦੇ ਰਹੋ।
- ਪੌਦਿਆਂ ਦੀ ਛਤਰੀ ਦਾ ਪ੍ਰਬੰਧ ਇਸ ਤਰ੍ਹਾਂ ਕਰੋ ਕਿ ਉਨ੍ਹਾਂ ਦੀਆਂ ਟਾਹਣੀਆਂ ਹੇਠਾਂ ਨਾ ਲੱਗਣ।
- ਚਿਪਚਿਪੇ ਜਾਲ ਲਗਾ ਕੇ ਕੀੜਿਆਂ 'ਤੇ ਕੁਝ ਹੱਦ ਤਕ ਉਨ੍ਹਾਂ ਉੱਪਰ ਕਾਬੂ ਪਾਇਆ ਜਾ ਸਕਦਾ ਹੈ। •

ਹਲਦੀ ਦੇ ਵੱਡੇ ਕਾਸ਼ਤਕਾਰ ਇਸ ਨੂੰ ਐਕਸਪੋਰਟ ਕਰ ਕੇ ਵਾਧੂ ਮੁਨਾਫ਼ਾ ਖੱਟਦੇ ਹਨ, ਜਦਕਿ ਛੋਟੇ ਕਾਸ਼ਤਕਾਰ ਇਸ ਦੀ ਸਥਾਨਕ ਮਾਰਕੀਟਿੰਗ ਕਰ ਸਕਦੇ ਹਨ...

ਛੋਟੇ ਪੱਧਰ 'ਤੇ ਹਲਦੀ ਦੀ ਪ੍ਰੋਸੈਸਿੰਗ

• ਡਾ. ਬਿੰਦੂ ਮਰਵਾਹਾ

ਹਲਦੀ ਦੀ ਕਾਸ਼ਤ ਭਾਰਤ ਵਿਚ ਪੰਜ ਹਜ਼ਾਰ ਸਾਲ ਤੋਂ ਹੋ ਰਹੀ ਹੈ, ਜਦੋਂ ਇਸ ਦੀ ਵਰਤੋਂ ਕੇਵਲ ਰੰਗ ਲਈ ਕੀਤੀ ਜਾਂਦੀ ਸੀ ਪਰ ਸਮੇਂ ਨਾਲ ਇਸ ਦੇ ਗੁਣਾਂ ਤੋ ਵਾਕਿਫ਼ ਹੋਣ 'ਤੇ ਇਸ ਦੀ ਵਰਤੋਂ ਖਾਣੇ 'ਚ ਮਸਾਲੇ ਵਜੋਂ ਤੇ ਆਯੁਰਵੈਦਿਕ ਦਵਾਈਆਂ 'ਚ ਵੀ ਕੀਤੀ ਜਾਣ ਲੱਗੀ। ਭਾਰਤ ਹਲਦੀ ਦੀ ਸਭ ਤੋ ਵੱਧ ਪੈਦਾਵਾਰ ਤੇ ਖਪਤ ਕਰਨ ਵਾਲਾ ਦੇਸ਼ ਹੈ। ਭਾਰਤੀ ਹਲਦੀ ਦੀ ਗੁਣਵੱਤਾ ਚੰਗੀ ਹੋਣ ਕਾਰਨ ਇਸ ਦੀ ਕੁੱਲ ਪੈਦਾਵਾਰ ਦਾ 60 ਫ਼ੀਸਦੀ ਹਿੱਸਾ ਦੁਨੀਆ ਭਰ 'ਚ ਬਦਾਮਦ ਕੀਤਾ ਜਾਂਦਾ ਹੈ।

ਹਲਦੀ ਦੀ ਕਾਸ਼ਤ ਪੰਜਾਬ ਵਿਚ ਆਸਾਨੀ ਨਾਲ ਕੀਤੀ ਜਾਂਦੀ ਹੈ। ਹਲਦੀ ਦੀ ਫ਼ਸਲ 8 ਤੋਂ 9 ਮਹੀਨਿਆਂ 'ਚ ਤਿਆਰ ਹੋ ਜਾਂਦੀ ਹੈ ਤੇ ਇਸ ਦਾ ਔਸਤ ਝਾੜ 100 ਕਵਿੰਟਲ ਪ੍ਰਤੀ ਏਕੜ ਹੁੰਦਾ ਹੈ। ਹਲਦੀ ਦੇ ਵੱਡੇ ਕਾਸ਼ਤਕਾਰ ਇਸ ਨੂੰ ਐਕਸਪੋਰਟ ਕਰ ਕੇ ਮੁਨਾਫ਼ਾ ਖੱਟਦੇ ਹਨ, ਪਰ ਛੋਟੇ ਕਾਸ਼ਤਕਾਰਾਂ ਨੂੰ ਫ਼ਸਲ ਦੀ ਵੱਧ ਪੈਦਾਵਾਰ ਹੋਣ 'ਤੇ ਵਾਧੂ ਮੁਨਾਫ਼ਾ ਨਹੀਂ ਮਿਲਦਾ। ਕੱਚੀ ਹਲਦੀ ਦੀ ਵੱਧ ਆਮਦ ਹੋਣ ਕਾਰਣ ਮੰਡੀ 'ਚ ਇਸ ਦਾ ਮੁੱਲ ਘੱਟ ਮਿਲਦਾ ਹੈ ਜਦਕਿ ਇਸ ਦੇ ਪਾਊਡਰ ਦੀ ਕੀਮਤ 'ਚ ਕਦੇ ਕਮੀ ਨਹੀਂ ਆਈ। ਛੋਟੇ ਕਾਸ਼ਤਕਾਰ ਜੇ ਇਸ ਦਾ ਪਾਊਡਰ ਬਣਾ ਕੇ ਵੇਚਣ ਤਾਂ ਵਾਧੂ ਮੁਨਾਫ਼ਾ ਖੱਟ ਸਕਦੇ ਹਨ। ਹਲਦੀ ਦੀ ਪ੍ਰੋਸੈਸਿੰਗ ਪੰਜ ਪੜਾਵਾਂ 'ਚ ਹੁੰਦੀ ਹੈ :

ਸਾਫ਼ ਕਰਨਾ

ਸਭ ਤੋਂ ਪਹਿਲਾਂ ਹਲਦੀ ਦੀਆਂ ਗੰਢੀਆਂ ਨੂੰ ਸਾਫ਼ ਕਰ ਲਿਆ ਜਾਂਦਾ ਹੈ। ਫਿਰ ਛੋਟੀਆਂ ਗੰਢੀਆਂ ਨੂੰ ਮੁੱਖ ਗੰਢੀ ਤੋ ਅਲੱਗ ਕਰ ਲਿਆ ਜਾਂਦਾ ਹੈ।।ਇਸ ਤੋਂ ਇਲਾਵਾ ਜੜ੍ਹਾਂ ਅਤੇ ਖ਼ਰਾਬ ਗੰਢੀਆਂ ਨੂੰ ਅਲੱਗ ਕਰ ਦਿੱਤਾ ਜਾਂਦਾ ਹੈ। ਆਮ ਤੌਰ 'ਤੇ ਮੁੱਖ ਗੰਢੀ ਨੂੰ ਬੀਜ ਵਜੋਂ ਰੱਖ ਲਿਆ ਜਾਂਦਾ ਹੈ।।ਹਲਦੀ ਦੀਆਂ ਗੰਢੀਆਂ ਨੂੰ ਯੂਨੀਵਰਸਿਟੀ ਵੱਲੋਂ ਸਿਫਾਰਸ਼ ਮਸ਼ੀਨ ਦੀ ਮਦਦ ਨਾਲ ਅਸਾਨੀ ਨਾਲ ਧੋਤਾ ਜਾ ਸਕਦਾ ਹੈ ਅਤੇ ਬਾਅਦ ਵਿਚ ਇਸੇ ਮਸ਼ੀਨ ਨਾਲ ਪਾਲਿਸ਼ਿਗ ਵੀ ਕੀਤੀ ਜਾ ਸਕਦੀ ਹੈ।

ਉਬਾਲਣਾ

ਗੰਢੀਆਂ ਨੂੰ ਸਾਫ਼ ਕਰਨ ਤੋ ਬਾਅਦ ਉਬਾਲਿਆ ਜਾਂਦਾ ਹੈ। ਜਦੋ ਗੰਢੀਆਂ ਨਰਮ ਹੋ ਜਾਣ ਅਤੇ ਉੱਪਰਲੀ ਝੱਗ ਅਲੱਗ ਹੋ ਜਾਵੇ ਤਾਂ ਉਬਾਲਣਾ ਬੰਦ ਕਰ ਦਿੱਤਾ ਜਾਂਦਾ ਹੈ। ਇਸ ਨੂੰ ਕਰੀਬ 40-50 ਮਿੰਟ ਲਗਦੇ ਹਨ। ਵਪਾਰਕ ਪੱਧਰ 'ਤੇ ਕੰਮ ਕਰਨ ਸਮੇਂ ਖ਼ਾਸ ਕਿਸਮ ਦੇ ਆਟੋਕਲੇਵ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਵਿਚ 15 ਪੌਂਡ/ਵਰਗ ਇੰਚ ਦੇ ਦਬਾਅ ਹੇਠ ਹਲਦੀ ਨੂੰ ਕੇਵਲ 20 ਮਿੰਟ ਤਕ ਹੀ ਉਬਾਲਣ ਦੀ ਲੋੜ ਪੈਂਦੀ ਹੈ। ਪੁਟਾਈ ਕਰਨ ਤੋਂ 2-3 ਦਿਨ ਦੇ ਅੰਦਰ ਹਲਦੀ ਨੂੰ ਉਬਾਲ ਲੈਣਾ ਚਾਹੀਦਾ ਹੈ। ਦੇਰ ਹੋਣ 'ਤੇ ਹਲਦੀ ਨੂੰ ਛਾਵੇਂ ਰੱਖ ਦੇਣਾ ਚਾਹੀਦਾ ਹੈ।

ਪਾਲਿਸ਼ ਕਰਨਾ

ਸੁਕਾਈ ਹੋਈ ਹਲਦੀ ਖੁਰਦਰੀ ਅਤੇ ਭੱਦੀ ਨਜ਼ਰ ਆਉਂਦੀ ਹੈ। ਇਸ ਦੀ ਦਿੱਖ ਚੰਗੀ ਕਰਨ ਅਤੇ ਗੰਢੀ ਦੇ ਬਾਹਰੀ ਹਿੱਸੇ ਨੂੰ ਸਮਤਲ ਕਰਨ ਲਈ ਇਸ ਨੂੰ ਪਾਲਿਸ਼ ਜ਼ਰੂਰ ਕਰੋ। ਚੰਗੀ ਦਿੱਖ ਨਾਲ ਇਸ ਦੀ ਕੀਮਤ 'ਚ ਵੀ ਵਾਧਾ ਹੋਵੇਗਾ। ਆਮ ਤੌਰ ਤੇ ਇਸ ਨੂੰ ਬੋਰਿਆਂ 'ਚ ਪਾ ਕੇ ਪੈਰਾਂ ਨਾਲ ਰਗੜਿਆ ਜਾਂਦਾ ਹੈ।।ਵਪਾਰਕ ਪੱਧਰ 'ਤੇ ਇਹ ਕੰਮ ਕਰਨ ਸਮੇ ਪਾਲਿਸ਼ਿਗ ਮਸ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ। ਪੀਏਯੂ ਵੱਲੋਂ ਸਿਫਾਰਸ਼ ਪਾਲਿਸ਼ਰ ਇਸ ਕੰਮ ਨੂੰ ਸੌਖਿਆਂ ਤੇ ਛੇਤੀ ਕੀਤਾ ਜਾ ਸਕਦਾ ਹੈ।।ਪਾਲਿਸ਼ ਕੀਤੀਆਂ ਗੰਢੀਆਂ ਦਾ ਰੰਗ ਚੰਗਾ ਬਣਾਉਣ ਲਈ 100 ਕਿੱਲੋ ਗੰਢੀਆਂ ਪਿੱਛੇ 200 ਗ੍ਰਾਮ ਹਲਦੀ ਪਾਊਡਰ ਪਾ ਕੇ ਚੰਗੀ ਤਰ੍ਹਾਂ ਹਿਲਾਇਆ ਜਾਂਦਾ ਹੈ।

ਸੁਕਾਉਣਾ

ਉੱਬਲੀ ਹੋਈ ਹਲਦੀ ਦੀਆਂ ਗੰਢੀਆਂ ਦੀ ਢੇਰੀ ਬਣਾ ਕੇ ਰਾਤ ਭਰ ਰੱਖ ਦਿੱਤਾ ਜਾਂਦਾ ਹੈ, ਤਾਂ ਜੋ ਵਾਧੂ ਪਾਣੀ ਨੱਚੜ ਜਾਵੇ। ਇਸ ਤੋਂ ਬਾਅਦ ਇਸ ਨੂੰ ਸਾਫ਼ ਥਾਂ 'ਤੇ ਖਿਲਾਰ

ਪੀ.ਜੀ.ਆਰ.ਐਸ. ਪੋਰਟਲ 'ਤੇ ਆਈਆਂ ਸ਼ਿਕਾਇਤਾਂ ਦਾ ਸਮਾਂਬੱਧ ਨਿਪਟਾਰਾ ਯਕੀਨੀ ਬਣਾਇਆ ਜਾਵੇ : ਡਾ. ਨਵਜੋਤ ਸ਼ਰਮਾ

ਪਟਿਆਲਾ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸੂਬਾ ਵਾਸੀਆਂ ਨੂੰ ਪਹੁੰਚਯੋਗ, ਕੁਸ਼ਲ ਅਤੇ ਪਾਰਦਰਸ਼ੀ ਸੇਵਾਵਾਂ ਪ੍ਰਦਾਨ ਕਰਵਾਉਣ ਦੇ ਨਾਲ ਨਾਲ ਲੋਕਾਂ ਦੀਆਂ ਸ਼ਿਕਾਇਤਾਂ ਦਾ ਸਮਾਂਬੱਧ ਨਿਪਟਾਰਾ ਕਰਨ ਲਈ ਪੰਜਾਬ ਸਰਕਾਰ ਵੱਲੋਂ ਜਨਤਕ ਸ਼ਿਕਾਇਤ ਨਿਵਾਰਣ ਪ੍ਰਣਾਲੀ (ਪੀ.ਜੀ.ਆਰ. ਐਸ.) ਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਪ੍ਰਗਟਾਵਾਂ ਮੁੱਖ ਮੰਤਰੀ ਫ਼ੀਲਡ ਅਫ਼ਸਰ ਡਾ. ਨਵਜੋਤ ਸ਼ਰਮਾ ਨੇ ਪੀ.ਜੀ.ਆਰ.ਆਰ. ਅਤੇ ਈ-ਸੇਵਾ ਪੋਰਟਲ ਰਾਹੀਂ ਵੱਖ ਵੱਖ ਵਿਭਾਗਾਂ ਨੂੰ ਆਈਆਂ ਸ਼ਿਕਾਇਤਾਂ 'ਤੇ ਵਿਭਾਗਾਂ ਵੱਲੋਂ ਕੀਤੀ ਗਈ ਕਾਰਵਾਈ ਦੀ ਰਿਪੋਰਟ ਲੈਂਦਿਆਂ ਕੀਤਾ।

ਮੁੱਖ ਮੰਤਰੀ ਫ਼ੀਲਡ ਅਫ਼ਸਰ ਨੇ ਕਿਹਾ ਕਿ ਪੀ.ਜੀ.ਆਰ.ਐਸ. ਪੋਰਟਲ 'ਤੇ ਆਈਆਂ ਸ਼ਿਕਾਇਤਾਂ ਦਾ ਸਮੂਹ ਵਿਭਾਗ ਸਮਾਂਬੱਧ ਨਿਪਟਾਰਾ ਕਰਨਾ ਯਕੀਨੀ ਬਣਾਉਣ। ਉਨ੍ਹਾਂ ਕੁਝ ਵਿਭਾਗਾਂ ਦੀਆਂ ਲੰਬਿਤ ਪਈਆਂ ਸ਼ਿਕਾਇਤਾਂ ਦਾ ਗੰਭੀਰ ਨੋਟਿਸ ਲੈਂਦਿਆਂ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਲੰਬਿਤ ਪਈਆਂ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕਰਕੇ ਦੋ ਦਿਨਾਂ ਵਿੱਚ ਸਟੇਟਸ ਰਿਪੋਰਟ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸ਼ਿਕਾਇਤ ਦੇ ਨਿਪਟਾਰੇ ਵਿੱਚ ਹੋਈ ਦੇਰੀ ਲਈ ਸਬੰਧਤ ਅਧਿਕਾਰੀ ਜਵਾਬਦੇਹ ਹੋਵੇਗਾ।

ਡਾ. ਨਵਜੋਤ ਸ਼ਰਮਾ ਨੇ ਪੁਲਿਸ ਵਿਭਾਗ, ਸਿਹਤ ਵਿਭਾਗ, ਖੇਤੀਬਾੜੀ, ਕਰ ਤੇ ਆਬਕਾਰੀ, ਮਾਲ ਵਿਭਾਗ, ਖੁਰਾਕ ਤੇ ਸਿਵਲ ਸਪਲਾਈ ਵਿਭਾਗ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਲੇਬਰ ਕਮਿਸ਼ਨ, ਵਣ ਵਿਭਾਗ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਡਰੇਨਜ਼ ਵਿਭਾਗ, ਸਹਿਕਾਰੀ ਸਭਾਵਾਂ, ਸਿੱਖਿਆ ਵਿਭਾਗ, ਸਥਾਨਕ ਸਰਕਾਰਾਂ, ਟਰਾਂਸਪੋਰਟ ਵਿਭਾਗ ਸਮੇਤ ਹੋਰਨਾਂ ਵਿਭਾਗਾਂ ਦੇ ਪੀ.ਜੀ.ਆਰ.ਐਸ. ਦੇ ਨੋਡਲ ਅਧਿਕਾਰੀਆਂ ਨਾਲ ਬੈਠਕ ਕਰਦਿਆਂ ਕਿਹਾ ਕਿ ਜਿਨ੍ਹਾਂ ਅਧਿਕਾਰੀਆਂ ਦੇ ਤਬਾਦਲੇ ਹੋ ਚੁੱਕੇ ਹਨ ਤੇ ਸ਼ਿਕਾਇਤਾਂ ਪਹਿਲਾਂ ਆਈਆਂ ਹੋਣ ਕਾਰਨ ਸਬੰਧਤ ਅਧਿਕਾਰੀਆਂ ਦੇ ਅਕਾਊਂਟ 'ਚ ਹਨ, ਉਨ੍ਹਾਂ ਨੂੰ ਤੁਰੰਤ ਨਵੇਂ ਅਧਿਕਾਰੀ ਦੇ ਪੀ.ਜੀ.ਆਰ.ਐਸ. ਅਕਾਊਂਟ ਵਿੱਚ ਟਰਾਂਸਫਰ ਕਰਵਾਇਆ ਜਾਵੇ ਤਾਂ ਜੋ ਸ਼ਿਕਾਇਤਾਂ ਦਾ ਨਿਪਟਾਰਾ ਜਲਦੀ ਹੋ ਸਕੇ। ਉਨ੍ਹਾਂ ਕਿਹਾ ਕਿ ਕੱਲ ਤੱਕ ਸਮੂਹ ਵਿਭਾਗ ਆਪਣੀਆਂ ਸਮਾਂ ਲੰਘ ਚੁੱਕੀਆਂ ਸ਼ਿਕਾਇਤਾਂ ਸਬੰਧੀ ਸਟੇਟਸ ਰਿਪੋਰਟ ਡਿਪਟੀ ਕਮਿਸ਼ਨਰ ਦਫ਼ਤਰ ਜਮ੍ਹਾਂ ਕਰਵਾਉਣੀ ਯਕੀਨੀ ਬਣਾਉਣ। ਉਨ੍ਹਾਂ ਸਮੂਹ ਵਿਭਾਗਾਂ ਦੇ ਪੀ.ਜੀ.ਆਰ.ਐਸ. ਨੋਡਲ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਇਸ ਡਿਜੀਟਲ ਪਲੇਟਫ਼ਾਰਮ 'ਤੇ ਆਈ ਹਰ ਸ਼ਿਕਾਇਤ ਸਟੇਟ ਪੱਧਰ 'ਤੇ ਲਗਾਏ ਨੋਡਲ ਅਧਿਕਾਰੀ ਦੇ ਅਕਾਊਂਟ ਵਿੱਚ ਵੀ ਦਿਖਾਈ ਦਿੰਦੀ ਹੈ ਤੇ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਦੇਰੀ ਸਬੰਧੀ ਜ਼ਿਲ੍ਹੇ ਦੇ ਸਬੰਧਤ ਅਧਿਕਾਰੀ ਦੀ ਜ਼ਿੰਮੇਵਾਰੀ ਤੈਅ ਹੋਵੇਗੀ, ਇਸ ਲਈ ਰੋਜ਼ਾਨਾ ਇਸ ਪੋਰਟਲ 'ਤੇ ਆਈਆਂ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾਵੇ ਅਤੇ ਨਿਰਧਾਰਤ ਸਮੇਂ ਅੰਦਰ ਨਿਪਟਾਰਾ ਨਾ ਹੋਣ ਵਾਲੀਆਂ ਸ਼ਿਕਾਇਤਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ। ਮੀਟਿੰਗ ਵਿੱਚ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵੱਲੋਂ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਦੀ ਨਿਖੇਧੀ

ਪਟਿਆਲਾ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਵਲੋਂ ਵਿਸ਼ੇਸ਼ ਇਕੱਤਰਤਾ ਕਰਕੇ ਸ੍ਰੀ ਅਮ੍ਰਿਤਸਰ ਵਿਖੇ ਸਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਦੀ ਸਖਤ ਨਿੰਦਾ ਕੀਤੀ। ਇਸ ਮੌਕੇ ਤੇ ਮੁਲਾਜਮਾਂ-ਪੈਨਸ਼ਨਰਾਂ, ਦੋ ਦਰਜਨ ਆਗੂਆਂ ਸਰਵ ਸ੍ਰੀ ਦਰਸ਼ਨ ਸਿੰਘ ਲੁਬਾਣਾ, ਬਲਜਿੰਦਰ ਸਿੰਘ, ਸਵਰਨ ਸਿੰਘ ਬੰਗਾ, ਮਾਧੋ ਰਾਹੀ, ਜਗਮੋਹਨ ਨੋਲੱਖਾ, ਰਾਮ ਲਾਲ ਰਾਮਾ, ਰਾਮ ਕਿਸ਼ਨ, ਨਾਰੰਗ ਸਿੰਘ, ਰਾਮ ਪ੍ਰਸਾਦ ਸਹੋਤਾ, ਗੁਰਦਰਸ਼ਨ ਸਿੰਘ, ਦੀਪ ਚੰਦ ਹੰਸ, ਸ਼ਿਵ ਚਰਨ, ਵਰਿੰਦਰ ਕੁਮਾਰ ਬੈਣੀ, ਅਸ਼ੋਕ ਕੁਮਾਰ ਬਿੱਟੂ, ਦਰਸ਼ੀ ਕਾਂਤ, ਜਗਤਾਰ ਲਾਲ, ਦਰਸ਼ਨ ਸਿੰਘ ਜ਼ੋੜੇਮਾਜਰਾ, ਰਾਜੇਸ਼ ਗੋਲੂ, ਲਖਵੀਰ ਸਿੰਘ ਲੱਕੀ, ਪ੍ਰੀਤਮ ਚੰਦ ਠਾਕੁਰ, ਬਲਬੀਰ ਸਿੰਘ, ਸੂਰਜ ਯਾਦਵ, ਲਖਵੀਰ ਸਿੰਘ, ਕਮਲਜੀਤ ਸਿੰਘ, ਕੁਲਦੀਪ ਸਿੰਘ ਰਾਇਵਾਲ, ਤਰਲੋਚਨ ਮਾੜੂ, ਬੰਸੀ ਲਾਲ, ਪ੍ਰਕਾਸ਼ ਲੁਬਾਣਾ, ਸੁਖਦੇਵ ਸਿੰਘ ਝੰਡੀ, ਨਿਸ਼ਾ ਰਾਣੀ, ਹਰਬੰਸ ਵਰਮਾ, ਰਾਜੇਸ਼ ਕੁਮਾਰ, ਇੰਦਰਪਾਲ, ਬਾਬੂ ਰਾਮ ਬੱਬੂ, ਅਜੈ ਕੁਮਾਰ, ਬਲਵਿੰਦਰ ਨਾਭਾ, ਜ਼ਸਪਾਲ ਸਿੰਘ, ਹਰਦੀਪ ਸਿੰਘ, ਹਰਨਾਮ ਸਿੰਘ, ਸੁਭਾਸ਼, ਉਂਕਾਰ ਸਿੰਘ ਦਮਨ, ਮੋਦ ਨਾਥ, ਸਤਿਆਨਰਾਇਣ ਗੋਨੀ, ਦਰਸ਼ਨ ਮਲੇਵਾਲ, ਗੁਰਿੰਦਰ ਗੁਰੀ, ਰਜਿੰਦਰ ਵਾਲਮੀਕਿ, ਰਾਜ ਕੁਮਾਰ, ਹੰਸ ਰਾਜ ਸਨੌਰ, ਰਾਮ ਕੈਲਾਸ਼, ਰਾਮ ਜ਼ੋਧਾ, ਜਗਤਾਰ ਬਾਬਾ, ਗੁਰਦੀਪ ਸਿੰਘ, ਮੱਖਣ ਸਿੰਘ, ਮੇਘੂ ਰਾਜ, ਵੈਦ ਪ੍ਰਕਾਸ਼ ਆਦਿ ਸ਼ਾਮਲ ਸਨ।ਇਕੱਤਰਤਾ ਸਮੇਂ ਆਗੂਆਂ ਨੇ ਜਿੱਥੇ ਪੰਜਾਬ ਬੰਦ ਦੀ ਹਮਾਇਤ ਕੀਤੀ ਉੱਥੇ ਪੰਜਾਬ ਵਿੱਚ ਵਾਪਰ ਰਹੀਆਂ ਲੁੱਟਾਂ ਖੋਹਾਂ ਤੇ ਕਤਲੋਗਾਰਡ ਤੇ ਚਿੰਤਾ ਪ੍ਰਗਟ ਕੀਤੀ। ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਵਲੋਂ ਗਣਤੰਤਰ ਦਿਵਸ ਤੇ ਆਪਣੇ ਸੰਬੋਧਨ ਵਿੱਚ ਕੱਚੇ ਕਰਮੀਆਂ ਨੂੰ ਪੱਕਾ ਕਰਨ ਦੇ ਦਿੱਤੇ ਬਿਆਨ ਨੂੰ ਗੁੰਮਰਾਹ ਕੰਨ ਦੱਸਿਆ ਤੇ ਕਿਹਾ ਕਿ ਪਿਛਲੇ ਦਸ ਸਾਲਾਂ ਤੋਂ ਇੱਕ ਵੀ ਕੱਚਾ ਕਰਮੀ ਨੂੰ ਪੱਕਾ ਨਹੀਂ ਹੋਇਆ। ਉਲਟਾ ਠੇਕੇਦਾਰੀ ਪ੍ਰਥਾ ਰਾਹੀਂ ਇਹਨਾਂ ਦੀ ਆਰਥਿਕ ਲੁੱਟ ਹੋ ਰਹੀ ਹੈ। ਜਦੋਂ ਕਿ ਘੱਟੋ-ਘੱਟ ਉਜਰਤਾ ਇਸ ਸਮੇਂ 36000/- ਰੁਪਏ ਕੀਤੀਆਂ ਜਾਣੀਆਂ ਬਣਦੀਆਂ ਹਨ। ਮੁੱਖ ਮੰਤਰੀ ਨੇ ਮੁਲਾਜਮਾਂ, ਮਜਦੂਰਾਂ, ਪੈਨਸ਼ਨਰ ਅਤੇ ਕੱਚੇ ਕਰਮੀਆਂ ਸਬੰਧੀ ਕੋਈ ਗੱਲ ਨਹੀਂ ਕੀਤੀ। ਜਦੋਂ ਕਿ ਜੰਗਲਾਤ ਵਿਭਾਗ ਦੇ ਪਟਿਆਲਾ ਅਧਿਕਾਰੀਆਂ ਵੱਲੋਂ (ਸਵਾ ਸੋ ਦੇ ਲਗਭਗ) ਲੰਮੀ ਸੇਵਾ ਵਾਲੇ ਕਾਮਿਆਂ ਨੂੰ ਗਣਤੰਤਰਤਾ ਦਿਵਸ ਤੋਂ ਪਹਿਲਾਂ ਬਗੈਰ ਕਿਸੇ ਨੋਟਿਸ ਤੋਂ ਫਾਰਗ ਕੀਤਾ ਗਿਆ, ਇਸ ਤਰ੍ਹਾਂ ਮਾਨ ਸਰਕਾਰ ਦੇ ਅਧਿਕਾਰੀਆਂ ਨੇ ਜੰਗਲਾਤ ਕਾਮਿਆਂ ਦੇ ਚੁੱਲੇ ਠੰਡੇ ਕਰ ਦਿੱਤੇ ਹਨ। ਚੌਥਾ ਦਰਜਾ ਮੁਲਾਜਮਾਂ ਵਲੋਂ ਮਿਤੀ 20 ਜਨਵਰੀ ਤੋਂ 25 ਜਨਵਰੀ ਤੱਕ ਭੁੱਖ ਹੜਤਾਲ ਕੀਤੀ ਗਈ ਸੀ ਹੁਣ ਅਗਲਾ ਐਕਸ਼ਨ ਵੀ ਉਲੀਕਿਆ ਜਾ ਰਿਹਾ ਹੈ।

ਆਲ ਇੰਡੀਆ ਪਿੰਗਲਾ ਆਸ਼ਰਮ ਵਿਖੇ ਗਣਤੰਤਰ ਦਿਵਸ ਮਨਾਇਆ

ਪਟਿਆਲਾ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਆਲ ਇੰਡੀਆ ਪਿੰਗਲਾ ਆਸ਼ਰਮ ਵਿਖੇ ਗਣਤੰਤਰ ਦਿਵਸ ਮਨਾਇਆ ਗਿਆ। ਇਹ ਪ੍ਰੋਗਰਾਮ ਮਿਹਰਬਾਨ ਸਿੰਘ ਰਾਣਾ ਅਤੇ ਰਕੇਸ਼ ਠਾਕੁਰ ਦੀ ਸਰਪ੍ਰਸਤੀ ਹੇਠ ਆਯੋਜਿਤ ਕੀਤਾ ਗਿਆ ਜਿਸ ਦੇ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਉੱਘੇ ਸਮਾਜ ਸੇਵਕ ਪਰਵੀਨ ਕੁਮਾਰ ਗੋਇਲ ਪਹੁੰਚੇ ਅਤੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਬੀਰ ਚੰਦ ਖੁਰਮੀ(ਪੈਟਰਨ), ਇੰਜੀਨੀਅਰ ਨਰਿੰਦਰ ਸਿੰਘ (ਸੀਨੀਅਰ ਪ੍ਰਧਾਨ), ਐਡਵੋਕੇਟ ਸੁਰਿੰਦਰ ਮੌਹਨ ਸਿੰਗਲਾ (ਪੈਟਰਨ), ਤ੍ਰਿਭਵਨ ਗੁਪਤਾ (ਪ੍ਰਧਾਨ ਦੁਸ਼ਹਿਰਾ ਕਮੇਟੀ), ਡਾ. ਸਤਿਆਪਾਲ ਸਿੰਘ ਸਲੂਜਾ, ਹਰਮੇਸ਼ ਸਿੰਗਲਾ, ਪਹੁੰਚੇ ਅਤੇ ਸਾਂਝੇ ਤੌਰ ਤੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਇਸ ਮੌਕੇ ਤੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਵਰਿੰਦਰ ਵਰਮਾ, ਪਰਮ ਰੂਪਾਲ, ਲਾਇਨ ਕੇ ਵੀ ਪੂਰੀ, ਦਰਸ਼ਨ ਜਿੰਦਲ, ਅਚਾਰੀਆ ਨਿਖਲੇਸ਼, ਸੁਸ਼ਮਾ, ਸੋਨੀਆ ਬਘੇਲ, ਮਮਤਾ ਠਾਕੁਰ ਪਿੰਕੀ ਵਿਲੀਅਮ ਸਿੰਘ, ਦਿਗਵਿਜੇ ਸਿੰਘ, ਅਤੇ ਮਾਨਿਕ ਠਾਕੁਰ ਨੇ ਆਪਣੀ ਹਾਜ਼ਰੀ ਲਗਾਈ ਅਤੇ ਸਾਰਿਆਂ ਨੂੰ ਲੱਡੂ ਬਿਸਕੁਟ ਅਤੇ ਰਿਫਰੈਸ਼ਮੈਂਟ ਦਿੱਤੀ ਗਈ।

ਚੀਨੀ ਡੋਰ ਦੀ ਵਰਤੋਂ ਅਤੇ ਇਸ ਦਾ ਭੰਡਾਰ ਕਰਨ ਵਾਲੇ ਵਿਅਕਤੀ ਵਿਰੁੱਧ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ: ਡਿਪਟੀ ਕਮਿਸ਼ਨਰ

ਪਟਿਆਲਾ, 1 ਫਰਵਰੀ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਚਾਈਨਾ ਡੋਰ ਦੀ ਰੋਕਥਾਮ ਸਬੰਧੀ ਅਧਿਕਾਰੀਆਂ ਨਾਲ ਇਕ ਮੀਟਿੰਗ ਕੀਤੀ । ਮੀਟਿੰਗੀ ਦੀ ਪ੍ਰਧਾਨਗੀ ਕਰਦਿਆਂ ਸਖ਼ਤੀ ਨਾਲ ਕਿਹਾ ਕਿ ਚੀਨੀ ਡੋਰ ਦੀ ਵਰਤੋਂ ਅਤੇ ਇਸ ਦਾ ਭੰਡਾਰ ਕਰਨਾ ਇਕ ਕਾਨੂੰਨਨ ਅਪਰਾਧ ਹੈ ।ਇਸ ਦੀ ਉਲੰਘਣਾ ਕਰਨ 'ਤੇ ਸਬੰਧਤ ਵਿਅਕਤੀ ਵਿਰੁੱਧ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਕਹਿਆ ਕਿ ਚੀਨੀ ਡੋਰ ਦੀ ਵਰਤੋਂ 'ਤੇ ਪਹਿਲਾਂ ਹੀ ਪ੍ਰਸ਼ਾਸ਼ਨ ਵੱਲੋਂ ਰੋਕ ਲਗਾਈ ਹੋਈ ਹੈ । ਉਹਨਾਂ ਸਾਰੇ ਸਬੰਧਤ ਵਿਭਾਗਾਂ ਨੂੰ ਇਸ ਦੀ ਪਾਬੰਦੀ ਬਾਰੇ ਜਾਣੂ ਕਰਵਾ ਕੇ ਇਹਨਾਂ ਹਦਾਇਤਾਂ ਦੀ ਪਾਲਣਾ ਕਰਨ ਦੇ ਆਦੇਸ਼ ਦਿੱਤੇ । ਉਹਨਾਂ ਕਿਹਾ ਕਿ ਇਸ ਡੋਰ ਦੀ ਵਰਤੋਂ ਕਰਨ ਕਰਕੇ ਲੋਕਾਂ ਨਾਲ ਗੰਭੀਰ ਹਾਦਸੇ, ਮਾਸੂਮ ਪੰਛੀਆਂ ਅਤੇ ਜਾਨਵਰਾਂ ਦੇ ਮਾਰੇ ਜਾਣ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ ।ਇਸ ਦੇ ਨਾਲ ਹੀ ਚਾਈਨਾ ਡੋਰ ਵਿੱਚ ਫਸੇ ਪੰਛੀਆਂ ਦੀ ਮੌਤ ਹੋ ਜਾਣ 'ਤੇ ਉਨ੍ਹਾਂ ਦੇ ਰੁੱਖਾਂ ਤੇ ਟੰਗੇ ਰਹਿਣ ਕਾਰਨ ਬਦਬੂ ਨਾਲ ਵਾਤਾਵਰਣ ਵੀ ਦੂਸ਼ਿਤ ਹੁੰਦਾ ਹੈ ।ਇਹ ਸਿੰਥੈਟਿਕ/ਪਲਾਸਟਿਕ ਦੀ ਬਣੀ ਡੋਰ ਜਦੋਂ ਪਤੰਗ ਉਡਾਉਣ ਲਈ ਵਰਤੀ ਜਾਂਦੀ ਹੈ ਤਾਂ ਇਹ ਮਨੁੱਖੀ ਜਾਨਾਂ ਅਤੇ ਪੰਛੀਆਂ ਲਈ ਘਾਤਕ ਸਿੱਧ ਹੁੰਦੀ ਹੈ।

ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ(ਜ)ਇਸ਼ਾ ਸਿੰਗਲ, ਸਹਾਇਕ ਕਮਿਸ਼ਨਰ ਰਿਚਾ ਗੋਇਲ, ਸਮੂਹ ਐਸ.ਡੀ.ਐਮ.ਜ਼ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਹਲਕੇ ਵਿੱਚ ਚੀਨੀ ਡੋਰ ਦੀ ਵਰਤੋਂ ਨੂੰ ਰੋਕਣ ਲਈ ਸਕੂਲਾਂ ਵਿੱਚ ਮਾਪੇ ਅਧਿਆਪਕ ਮਿਲਣੀ ਰਾਹੀਂ ਬੱਚਿਆਂ ਨੂੰ ਜਾਗਰੂਕ ਕਰਨ । ਉਹਨਾਂ ਪੁਲਿਸ ਵਿਭਾਗ ਨੂੰ ਟੀਮਾਂ ਬਣਾ ਕੇ ਲਗਾਤਾਰ ਚੈਕਿੰਗ ਅਭਿਆਨ ਚਲਾਉਣ ਦੀ ਹਦਾਇਤ ਦਿੱਤੀ ।

ਫੈਕਟਰੀ 'ਚ ਅੱਗ ਲੱਗਣ ਨਾਲ ਲੱਖਾਂ ਦਾ ਨੁਕਸਾਨ; ਜਾਨੀ ਨੁਕਸਾਨ ਤੋ ਬਚਾਅ

ਸਮਾਣਾ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਐਸ.ਐਸ.ਐਸ. ਗਰੀਨ ਐਨਰਜੀ ਫੈਕਟਰੀ ਕਮਾਸਪੁਰ ਵਿਖੇ ਸ਼ਨੀਵਾਰ ਦੇਰ ਸ਼ਾਮ ਪਰਾਲੀ ਦੇ ਖੁੱਲੇ ਗੁਦਾਮ 'ਚ ਅਚਾਨਕ ਅੱਗ ਲੱਗ ਗਈ, ਜਿਸ ਕਾਰਨ ਗਦਾਮ ਵਿੱਚ ਪਏ ਪਰਾਲੀ ਦੇ ਕਈ ਚੱਕੇ ਸੜ ਕੇ ਸੁਆਹ ਹੋ ਗਏ। ਅੱਗ 'ਤੇ ਕਾਬੂ ਪਾਉਣ ਲਈ ਸਮਾਣਾ, ਨਾਭਾ, ਪਟਿਆਲਾ ਅਤੇ ਸੰਗਰੂਰ ਤੋਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ 'ਤੇ ਲੱਗੇ ਕਾਮਿਆਂ ਨੇ ਬੜੀ ਮੁਸ਼ਕਤ ਨਾਲ ਅੱਗ ਤੇ ਨਾਲ ਕਾਬੂ ਪਾਇਆ।

ਜਾਣਕਾਰੀ ਦਿੰਦਿਆਂ ਫੈਕਟਰੀ ਦੇ ਮਾਲਕ ਰਾਜੀਵ ਗੋਇਲ (ਸੈਂਟੀ) ਨੇ ਦੱਸਿਆ ਕਿ ਫੈਕਟਰੀ ਦੇ ਨੇੜੇ ਕਰੀਬ 2 ਏਕੜ 'ਚ ਪਰਾਲੀ ਦਾ ਗੁਦਾਮ ਹੈ, ਜਿਸ 'ਚ ਅਚਾਨਕ ਦੇਰ ਸ਼ਾਮ 6 ਵਜੇ ਦੇ ਕਰੀਬ ਅੱਗ ਲੱਗ ਗਈ।,ਜਿਸ ਦੀ ਸੂਚਨਾ ਉਹਨਾਂ ਸਥਾਨਕ ਫਾਇਰ ਸਟੇਸ਼ਨ ਤੇ ਪੁਲਸ ਨੂੰ ਦਿੱਤੀ। ਉਨ੍ਹਾਂ ਕਰੀਬ 45 ਲੱਖ ਰੁਪਏ ਦੇ ਨੁਕਸਾਨ ਹੋਣ ਬਾਰੇ ਦੱਸਿਆ। ਇਸ ਸਬੰਧੀ ਫਾਇਰ ਬ੍ਰਿਗੇਡ ਅਫਸਰ ਲਵ-ਕੁਸ਼ ਨੇ ਦੱਸਿਆ ਕਿ ਸੂਚਨਾ ਮਿਲਦੇ ਹੀ ਅੱਗ ਬੁਝਾਉਣ ਵਾਲੀਆਂ ਗੱਡੀਆਂ ਮੌਕੇ ਤੇ ਪਹੁੰਚ ਗਈਆਂ, ਜਿਨ੍ਹਾਂ ਨੇ ਬੜੀ ਮੁਸ਼ਕਤ ਨਾਲ ਅੱਗ ਨੂੰ ਅੱਗੇ ਵਧਣ ਤੋਂ ਰੋਕ ਲਿਆ। ਪਰ ਉਦੋ ਤੱਕ ਕਈ ਚੱਕਿਆ ਵਿੱਚ ਅੱਗ ਲੱਗ ਚੁੱਕੀ ਸੀ। ਉਹਨਾਂ ਅੱਗ ਲੱਗਣ ਦੇ ਕਾਰਨਾਂ ਬਾਰੇ ਕੋਈ ਜਾਣਕਾਰੀ ਨਾ ਹੋਣਾ ਦੱਸਿਆ।

ਨਸ਼ਾ ਮੁਕਤ ਚੇਤਨਾ ਸੰਘ ਦਾ ਉਦੇਸ਼ ਹੈ ਕਿ ਕੋਈ ਵੀ ਨੌਜਵਾਨ ਨਸ਼ਿਆਂ ਨਾਲ ਬਰਬਾਦ ਨਾ ਹੋਵੇ : ਡਾ. ਅਮਿਤ ਕਾਂਸਲ

ਸੁਨਾਮ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਨਸ਼ਾ ਮੁਕਤ ਪੰਜਾਬ ਸੰਘ ਦੇ ਸੂਬਾਈ ਸਹਿ ਕਨਵੀਨਰ ਅਤੇ ਸਮਾਜ ਸੇਵੀ ਸੰਸਥਾ ਕਾਂਸਲ ਫਾਊਂਡੇਸ਼ਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਡਾ. ਅਮਿਤ ਕਾਂਸਲ ਨੇ ਇੱਕ ਪ੍ਰੈਸ ਨੋਟ ਜਾਰੀ ਕਰਦੇ ਹੋਏ ਕਿਹਾ ਕਿ ਨਸ਼ਾ ਮੁਕਤ ਪੰਜਾਬ ਸੰਘ ਦੁਬਾਰਾ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਇੱਕ ਜਨ ਜਾਗਰਤੀ ਅਭਿਆਨ ਚਲਾਇਆ ਜਾ ਰਿਹਾ ਹੈ ਜਿਸ ਦਾ ਉਦੇਸ਼ ਨਸ਼ਾ ਮੁਕਤ ਪੰਜਾਬ ਦੀ ਪ੍ਰਾਪਤੀ ਹੈ। ਇਸ ਦੇ ਲਈ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਸੰਗਠਨਾਤਮਕ ਨਿਯੁਕਤੀਆਂ ਪੂਰੀਆਂ ਹੋ ਚੁੱਕੀਆਂ ਹਨ ਅਤੇ ਇਸ ਅਭਿਆਨ ਨੂੰ ਚੰਗੀ ਪੱਧਰ ਤੇ ਚਲਾਉਣ ਲਈ ਕਾਰਜਕ੍ਰਮ ਵੀ ਉਲੀਕੇ ਜਾ ਚੁੱਕੇ ਹਨ।

ਡਾ: ਕਾਂ

ਸੌਂਦ ਦੀ ਅਗਵਾਈ ਹੇਠ ਫਤਹਿਗੜ੍ਹ ਸਾਹਿਬ ਸਥਿਤ ਜਹਾਜ਼ ਹਵੇਲੀ ਦੀ ਮੁੜ ਬਹਾਲੀ ਅਤੇ ਸਾਂਭ ਸੰਭਾਲ ਲਈ ਉੱਚ ਪੱਧਰੀ ਮੀਟਿੰਗ

ਚੰਡੀਗੜ੍ਹ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੀ ਅਗਵਾਈ ਹੇਠ ਫਤਹਿਗੜ੍ਹ ਸਾਹਿਬ ਸਥਿਤ ਜਹਾਜ਼ ਹਵੇਲੀ ਦੀ ਮੁੜ ਬਹਾਲੀ ਅਤੇ ਸਾਂਭ ਸੰਭਾਲ ਲਈ ਇੱਕ ਉੱਚ ਪੱਧਰੀ ਮੀਟਿੰਗ ਸੈਰ ਸਪਾਟਾ ਵਿਭਾਗ ਦੇ ਸੈਕਟਰ 38 ਵਿਚਲੇ ਦਫ਼ਤਰ ਵਿੱਚ ਹੋਈ।

ਸੌਂਦ ਦੀ ਪਹਿਲ ਕਦਮੀ ਹੇਠ ਮੀਟਿੰਗ ਵਿੱਚ ਫੈਸਲਾ ਹੋਇਆ ਕਿ ਇਸੇ ਹਫ਼ਤੇ ਵੀਰਵਾਰ 30 ਜਨਵਰੀ ਨੂੰ ਇੱਕ ਕਮੇਟੀ ਹਵੇਲੀ ਦਾ ਦੌਰਾ ਕਰਕੇ ਆਵੇਗੀ ਅਤੇ ਉੱਥੋਂ ਦੀ ਮੌਜੂਦਾ ਸਥਿਤੀ ਬਾਬਤ ਆਪਣੀ ਰਿਪੋਰਟ ਪੇਸ਼ ਕਰੇਗੀ। ਇਸ ਤੋਂ ਬਾਅਦ 8 ਮਾਹਿਰ ਮੈਂਬਰਾਂ ਦੀ ਇੱਕ ਡਿਜ਼ਾਈਨ ਕਮੇਟੀ ਇਸਦੀ ਘੋਖ ਕਰੇਗੀ। ਮੰਤਰੀ ਸੌਂਦ ਨੇ ਕਿਹਾ ਕਿ ਇਸ ਬਾਬਤ ਕੋਈ ਰੁਕਾਵਟ ਨਾ ਆਉਣ ਦੀ ਸੂਰਤ ਵਿੱਚ ਜਲਦ ਤੋਂ ਜਲਦ ਦੀਵਾਨ ਟੋਡਰ ਮੱਲ ਜੀ ਦੀ ਜਹਾਜ਼ ਹਵੇਲੀ ਦੀ ਮੁੜ ਬਹਾਲੀ ਅਤੇ ਸਾਂਭ ਸੰਭਾਲ ਦਾ ਕੰਮ ਸ਼ੁਰੂ ਕੀਤਾ ਜਾ ਸਕੇਗਾ।

ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਨੇ ਕਿਹਾ ਕਿ ਪੁਰਾਤਨ ਅਤੇ ਇਤਿਹਾਸਕ ਇਮਾਰਤਾਂ ਸਾਡੇ ਵਿਰਸੇ ਅਤੇ ਸੱਭਿਆਚਾਰ ਦਾ ਅਹਿਮ ਹਿੱਸਾ ਹਨ ਅਤੇ ਇਨ੍ਹਾਂ ਦੀ ਗੁਆਚੀ ਸ਼ਾਨ ਮੁੜ ਬਹਾਲ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਵਿੱਚ ਦੀਵਾਨ ਟੋਡਰ ਮੱਲ ਜੀ ਦਾ ਨਾਂ ਬਹੁਤ ਆਦਰ, ਸਤਿਕਾਰ ਤੇ ਸਨਮਾਨ ਨਾਲ ਲਿਆ ਜਾਂਦਾ ਹੈ ਅਤੇ ਉਨ੍ਹਾਂ ਨਾਲ ਸਬੰਧਿਤ ਜਹਾਜ਼ ਹਵੇਲੀ ਦੀ ਸਾਂਭ ਸੰਭਾਲ ਕਰਨਾ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ। ਕਬਿਲੇਗੌਰ ਹੈ ਕਿ ਜਹਾਜ਼ ਹਵੇਲੀ ਦੀ ਸਾਂਭ ਸੰਭਾਲ ਅਤੇ ਮੁੜ ਬਹਾਲੀ ਲਈ ਸਬੰਧਿਤ ਕਾਰਜਾਂ ਨੂੰ ਸਮਾਂਬੱਧ ਕਰਨ ਲਈ ਮੀਟਿੰਗ ਵਿੱਚ ਹਾਜ਼ਰ ਪਤਵੰਤਿਆਂ ਨੇ ਮੰਤਰੀ ਸੌਂਦ ਦਾ ਖਾਸ ਧੰਨਵਾਦ ਕੀਤਾ। ਮੀਟਿੰਗ ਵਿੱਚ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਕੱਤਰ ਮਾਲਵਿੰਦਰ ਸਿੰਘ ਜੱਗੀ, ਡਾਇਰੈਕਟਰ ਅੰਮ੍ਰਿਤ ਸਿੰਘ, ਵਿਭਾਗ ਦੇ ਹੋਰ ਉੱਚ ਅਧਿਕਾਰੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਕੱਤਰ, ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਦੇ ਪ੍ਰਧਾਨ ਅਤੇ ਹੋਰ ਸਬੰਧਿਤ ਧਿਰਾਂ ਹਾਜ਼ਿਰ ਸਨ।

ਪੰਜਾਬ ਦੇ ਸਿਹਤ ਮੰਤਰੀ ਵੱਲੋਂ ਸਰਕਾਰੀ ਸਿਹਤ ਸੰਸਥਾਵਾਂ 'ਚ ਬਿਜਲੀ ਅਤੇ ਫਾਇਰ ਸੇਫ਼ਟੀ ਸਹੂਲਤਾਂ ਦਾ ਆਡਿਟ ਕਰਵਾਉਣ ਦੇ ਹੁਕਮ

- ਸਿਹਤ ਮੰਤਰੀ ਵੱਲੋਂ ਸਰਕਾਰੀ ਸਿਹਤ ਸੰਸਥਾਵਾਂ ਦੇ ਪੱਧਰ 'ਤੇ ਕਮੇਟੀਆਂ ਦਾ ਗਠਨ ਕਰਨ ਦੇ ਹੁਕਮ
- ਫਾਇਰ ਸੇਫ਼ਟੀ ਸਹੂਲਤਾਂ ਦਾ ਆਡਿਟ ਅਤੇ ਅੱਗ ਬੁਝਾਊ ਉਪਕਰਨਾਂ ਦੀ ਉਪਲਬਧਤਾ ਦੇ ਵੀ ਦਿੱਤੇ ਹੁਕਮ

ਚੰਡੀਗੜ੍ਹ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰੀ ਸਿਹਤ ਸਹੂਲਤਾਂ ਵਿਖੇ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਉਣ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਦੀ ਪਾਲਣਾ ਤਹਿਤ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸੂਬੇ ਭਰ ਦੇ ਸਾਰੇ ਮੈਡੀਕਲ ਕਾਲਜਾਂ, ਸਿਵਲ ਹਸਪਤਾਲਾਂ, ਸਬ-ਡਵੀਜ਼ਨਲ ਹਸਪਤਾਲਾਂ ਅਤੇ ਬਲਾਕ ਪੱਧਰ ਦੇ ਹਸਪਤਾਲਾਂ ਵਿੱਚ ਬਿਜਲੀ ਸਪਲਾਈ ਅਤੇ ਫਾਇਰ ਸੇਫਟੀ ਦਾ ਆਡਿਟ ਕਰਨ ਦੇ ਆਦੇਸ਼ ਜਾਰੀ ਕੀਤੇ ਹਨ।

ਸਿਹਤ ਮੰਤਰੀ ਸਿਵਲ ਹਸਪਤਾਲਾਂ ਦੇ ਸਾਰੇ ਸਿਵਲ ਸਰਜਨਾਂ ਅਤੇ ਮੈਡੀਕਲ ਕਾਲਜਾਂ ਦੇ ਮੈਡੀਕਲ ਸੁਪਰਡੈਂਟਾਂ ਨਾਲ ਇੱਕ ਉੱਚ-ਪੱਧਰੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਮੀਟਿੰਗ ਵਿੱਚ ਪ੍ਰਸ਼ਾਸਨਿਕ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਕੁਮਾਰ ਰਾਹੁਲ, ਸਕੱਤਰ ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.) ਰਵੀ ਭਗਤ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ (ਪੀ.ਐਚ.ਐਸ.ਸੀ.) ਦੇ ਮੈਨੇਜਿੰਗ ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ, ਸੀ.ਐਮ.ਡੀ. ਪੀਐਸਪੀਸੀਐਲ ਇੰਜੀਨੀਅਰ ਬਲਦੇਵ ਸਿੰਘ ਸਰਾਂ, ਡਾਇਰੈਕਟਰ ਸਿਹਤ ਡਾ. ਹਿਤਿੰਦਰ ਕੌਰ ਅਤੇ ਡਾਇਰੈਕਟਰ ਖੋਜ ਤੇ ਮੈਡੀਕਲ ਸਿੱਖਿਆ ਡਾ. ਅਵਨੀਸ਼ ਕੁਮਾਰ ਵੀ ਸ਼ਾਮਲ ਸਨ।

ਸਿਹਤ ਮੰਤਰੀ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ ਬਿਜਲੀ ਬੰਦ ਹੋਣ ਦੀ ਸਥਿਤੀ ਵਿੱਚ ਸਾਰੀਆਂ ਮਹੱਤਵਪੂਰਨ ਦੇਖਭਾਲ ਇਕਾਈਆਂ, ਜਿਨ੍ਹਾਂ ਵਿੱਚ ਆਪ੍ਰੇਸ਼ਨ ਥੀਏਟਰ, ਲੇਬਰ ਰੂਮ, ਐਮਰਜੈਂਸੀ, ਐਸਐਨਸੀਯੂਜ਼ ਅਤੇ ਐਨਆਈਸੀਯੂਜ਼ ਸ਼ਾਮਲ ਹਨ, ਵਿੱਚ ਘੱਟੋ-ਘੱਟ 30 ਮਿੰਟਾਂ ਦਾ ਯੂਪੀਐਸ ਪਾਵਰ ਬੈਕਅੱਪ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸਾਰੀਆਂ ਸਿਹਤ ਸਹੂਲਤਾਂ ਵਿਖੇ ਡੀਜ਼ਲ ਦੀ ਲੋੜੀਂਦੀ ਸਪਲਾਈ ਦੇ ਨਾਲ ਇੱਕ ਪੂਰੀ ਤਰ੍ਹਾਂ ਕਾਰਜਸ਼ੀਲ ਜਨਰੇਟਰ ਸੈੱਟ ਮੌਜੂਦ ਹੋਣਾ ਚਾਹੀਦਾ ਹੈ।

ਡਾ. ਬਲਬੀਰ ਸਿੰਘ ਨੇ ਜ਼ਿਲ੍ਹਾ, ਸਬ-ਡਿਵੀਜ਼ਨ ਅਤੇ ਬਲਾਕ ਪੱਧਰ ਦੇ ਹਸਪਤਾਲਾਂ ਸਮੇਤ ਸਾਰੇ ਪੱਧਰਾਂ 'ਤੇ ਕਮੇਟੀਆਂ ਦਾ ਗਠਨ ਕਰਨ ਦੇ ਹੁਕਮ ਵੀ ਜਾਰੀ ਕੀਤੇ।

ਉਕਤ ਕਮੇਟੀਆਂ, ਜਿਨ੍ਹਾਂ ਵਿੱਚ ਸਿਹਤ ਵਿਭਾਗ/ਮੈਡੀਕਲ ਕਾਲਜ, ਪੀਐਸਪੀਸੀਐਲ, ਅਤੇ ਪੀਡਬਲਿਊਡੀ-ਇਲੈਕਟ੍ਰੀਕਲ ਦੇ ਨੁਮਾਇੰਦੇ ਸ਼ਾਮਲ ਹੋਣਗੇ, ਸਾਰੀਆਂ ਸਿਹਤ ਸਹੂਲਤਾਂ ਵਿਖੇ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋਣਗੀਆਂ। ਕਮੇਟੀ ਦੇ ਮੈਂਬਰ ਇੱਕ ਦੂਜੇ ਨਾਲ ਤਾਲਮੇਲ ਕਰਦਿਆਂ ਸਿਹਤ ਸਹੂਲਤ ਵਿਖੇ ਉਪਲਬਧ ਯੂਪੀਐਸ ਅਤੇ ਹੋਰ ਪਾਵਰ ਬੈਕਅੱਪ ਪ੍ਰਣਾਲੀਆਂ ਦੀ ਕਾਰਜਸ਼ੀਲਤਾ ਬਾਰੇ ਰਿਪੋਰਟ ਦੇਣਗੇ।

ਉਨ੍ਹਾਂ ਅੱਗੇ ਕਿਹਾ ਕਿ ਇਹ ਕਮੇਟੀਆਂ ਆਪੋ-ਆਪਣੇ ਸਬੰਧਤ ਹਸਪਤਾਲਾਂ ਦਾ ਸਮੇਂ-ਸਮੇਂ 'ਤੇ ਦੌਰਾ ਕਰਕੇ ਇਹ ਯਕੀਨੀ ਬਣਾਉਣਗੀਆਂ ਕਿ ਉਥੇ ਬਿਜਲੀ ਬੈਕਅੱਪ ਅਤੇ ਪੂਰੀ ਤਰ੍ਹਾਂ ਕਾਰਜਸ਼ੀਲ ਜਰਨੇਟਰ ਸੈੱਟ ਦੀ ਸਹੂਲਤ ਮੌਜੂਦ ਹੈ।

ਸਿਹਤ ਮੰਤਰੀ ਨੇ ਸਾਰੇ ਸਿਵਲ ਸਰਜਨਾਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ ਕਿ ਬਿਜਲੀ ਕੱਟ ਲੱਗਣ ਦੀ ਸਥਿਤੀ ਵਿੱਚ ਬੈਕਅੱਪ ਬਿਜਲੀ ਸਪਲਾਈ ਤੁਰੰਤ ਸ਼ੁਰੂ ਕੀਤੀ ਜਾਵੇ ਤਾਂ ਜੋ ਮਹੱਤਵਪੂਰਨ ਦੇਖਭਾਲ ਸੇਵਾਵਾਂ ਪ੍ਰਦਾਨ ਕਰਨ ਵਿੱਚ ਕੋਈ ਦਿੱਕਤ ਦਰਪੇਸ਼ ਨਾ ਆਵੇ। ਉਨ੍ਹਾਂ ਅੱਗੇ ਕਿਹਾ ਕਿ ਇਸ ਉਦੇਸ਼ ਲਈ ਬੈਕਅੱਪ ਬਿਜਲੀ ਸਪਲਾਈ ਚਾਲੂ ਕਰਨ ਵਾਲੇ ਵਿਅਕਤੀ ਨਾਲ ਸੰਪਰਕ ਲਈ ਢੁਕਵੀਂ ਸੰਚਾਰ ਪ੍ਰਣਾਲੀ ਵੀ ਸਥਾਪਤ ਕੀਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਨੇ ਬਿਜਲੀ ਬੰਦ ਹੋਣ ਦੀ ਕਿਸੇ ਵੀ ਸਥਿਤੀ ਵਿੱਚ ਤੁਰੰਤ ਕਾਰਵਾਈ ਨੂੰ ਯਕੀਨੀ ਬਣਾਉਣ ਲਈ ਉਪਰੋਕਤ ਕਮੇਟੀਆਂ ਦੇ ਸਾਰੇ ਮੈਂਬਰਾਂ ਦਾ ਇੱਕ ਵਟਸਐਪ ਗਰੁੱਪ ਬਣਾਉਣ ਦੇ ਵੀ ਆਦੇਸ਼ ਵੀ ਦਿੱਤੇ।

ਸਿਹਤ ਮੰਤਰੀ ਨੇ ਸਬੰਧਤ ਅਧਿਕਾਰੀਆਂ ਨੂੰ ਫੌਰੀ ਢੰਗ ਨਾਲ ਫਾਇਰ ਸੇਫਟੀ ਆਡਿਟ ਕਰਵਾਉਣ ਅਤੇ ਸਿਹਤ ਸਹੂਲਤਾਂ ਖਾਸ ਕਰਕੇ ਸਾਰੀਆਂ ਮਹੱਤਵਪੂਰਨ ਦੇਖਭਾਲ ਇਕਾਈਆਂ ਵਿੱਚ ਅੱਗ ਬੁਝਾਉ ਉਪਕਰਨਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ।

ਸਿਆਸੀ ਰੱਫੜ: ਬੀਬੀਐੱਮਬੀ ਤੇ ਪੰਜਾਬ ਵਿਚਾਲੇ ਪੇਚ ਫਸਿਆ

ਬੀਬੀਐੱਮਬੀ ਨੇ ਪੰਜਾਬ ਵੱਲੋਂ ਲਾਏ ਸਕੱਤਰ ਦੀ ਨਿਯੁਕਤੀ ਖਾਰਜ ਕੀਤੀ; ਪੱਤਰ 'ਚ ਨਿਯਮਾਂ ਦਾ ਦਿੱਤਾ ਹਵਾਲਾ



ਚੰਡੀਗੜ੍ਹ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਾਖੜਾ ਬਿਆਸ ਮੈਨੇਜਮੈਂਟ ਬੋਰਡ ਅਤੇ ਪੰਜਾਬ ਸਰਕਾਰ ਦਰਮਿਆਨ ਬੀਬੀਐੱਮਬੀ 'ਚ ਸਕੱਤਰ ਦੀ ਨਿਯੁਕਤੀ ਨੂੰ ਲੈ ਕੇ ਪੇਚ ਫਸ ਗਿਆ ਹੈ। ਪੰਜਾਬ ਸਰਕਾਰ ਨੇ ਹਾਲੇ ਦੋ ਦਿਨ ਪਹਿਲਾਂ ਹੀ ਹਰਿਆਣਾ ਵੱਲੋਂ ਬੀਬੀਐੱਮਬੀ 'ਚ ਚੁੱਪ ਚੁਪੀਤੇ ਲਗਾਏ ਮੈਂਬਰ (ਸਿੰਜਾਈ) ਦੀ ਨਿਯੁਕਤੀ ਨੂੰ ਅਸਫਲ ਬਣਾਇਆ ਹੈ। ਹੁਣ ਬੀਬੀਐੱਮਬੀ ਨੇ ਪੰਜਾਬ ਸਰਕਾਰ ਵੱਲੋਂ ਬੀਬੀਐੱਮਬੀ 'ਚ ਲਗਾਏ ਨਵੇਂ ਸਕੱਤਰ ਦੀ ਨਿਯੁਕਤੀ ਨੂੰ ਨਿਯਮਾਂ ਦੇ ਹਵਾਲੇ ਨਾਲ ਖ਼ਾਰਜ ਕਰ ਦਿੱਤਾ ਹੈ। ਦੂਜੇ ਪਾਸੇ ਪੰਜਾਬ ਸਰਕਾਰ ਇਸ ਸਕੱਤਰ ਨੂੰ ਲਗਾਏ ਜਾਣ ਲਈ ਬਜ਼ਿੱਦ ਹੈ। ਅੱਜ ਨਵੇਂ ਸਕੱਤਰ ਬੀਬੀਐੱਮਬੀ ਦਫ਼ਤਰ ਵਿਚ ਹਾਜ਼ਰ ਵੀ ਹੋਏ ਪਰ ਉਨ੍ਹਾਂ ਨੂੰ ਕੋਈ ਹੁੰਗਾਰਾ ਨਹੀਂ ਮਿਲਿਆ। ਚੇਤੇ ਰਹੇ ਕਿ ਜਦੋਂ ਹਰਿਆਣਾ ਸਰਕਾਰ ਨੇ ਬੀਬੀਐੱਮਬੀ 'ਚ ਮੁੱਖ ਇੰਜਨੀਅਰ ਰਾਕੇਸ਼ ਚੌਹਾਨ ਨੂੰ 23 ਜਨਵਰੀ ਨੂੰ ਬਤੌਰ ਮੈਂਬਰ (ਸਿੰਜਾਈ) ਲਾ ਦਿੱਤਾ ਸੀ ਤਾਂ ਉਦੋਂ ਹੀ ਪੰਜਾਬ ਦੇ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਨੇ ਹਰਿਆਣਾ ਦੀ ਕੋਸ਼ਿਸ਼ ਨਾਕਾਮ ਕਰਨ ਲਈ ਮੁੱਖ ਇੰਜਨੀਅਰ ਹਰਿਦਰ ਪਾਲ ਸਿੰਘ ਬੇਦੀ ਨੂੰ ਬੀਬੀਐੱਮਬੀ 'ਚ ਬਤੌਰ ਸਕੱਤਰ ਲਗਾਏ ਜਾਣ ਦੇ ਲਿਖਤੀ ਹੁਕਮ ਜਾਰੀ ਕਰ ਦਿੱਤੇ ਸਨ। ਇਸ ਦੇ ਨਤੀਜੇ ਵਜੋਂ ਹਰਿਆਣਾ ਨੂੰ ਆਪਣਾ ਫ਼ੈਸਲਾ ਵਾਪਸ ਲੈਣਾ ਪਿਆ ਸੀ। ਬੀਬੀਐੱਮਬੀ ਨੇ ਪਹਿਲਾਂ ਹਰਿਆਣਾ ਸਰਕਾਰ ਨੂੰ ਪੱਤਰ ਲਿਖ ਕੇ ਮੈਂਬਰ (ਸਿੰਜਾਈ) ਦੀ ਨਿਯੁਕਤੀ 'ਤੇ ਇਤਰਾਜ਼ ਖੜ੍ਹੇ ਕੀਤੇ ਸਨ। ਬੀਬੀਐੱਮਬੀ ਨੇ 24 ਜਨਵਰੀ ਨੂੰ ਪੰਜਾਬ ਦੇ ਜਲ ਸਰੋਤ ਵਿਭਾਗ ਨੂੰ ਪੱਤਰ ਲਿਖ ਕੇ ਨਿਯੁਕਤ ਕੀਤੇ ਨਵੇਂ ਸਕੱਤਰ ਦੀ ਨਿਯੁਕਤੀ ਨੂੰ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 97 ਤਹਿਤ ਖ਼ਾਰਜ ਕੀਤਾ ਹੈ। ਪੱਤਰ 'ਚ ਸਕੱਤਰ ਦੇ ਕੰਮਾਂ ਆਦਿ ਤੋਂ ਵੀ ਜਾਣੂ ਕਰਾਇਆ ਗਿਆ ਹੈ। ਬੀਬੀਐੱਮਬੀ 'ਚ ਇਸ ਵੇਲੇ ਹਰਿਆਣਾ ਦਾ ਸਤੀਸ਼ ਸਿੰਗਲਾ ਬਤੌਰ ਸਕੱਤਰ ਤਾਇਨਾਤ ਹਨ ਜਿਨ੍ਹਾਂ ਦਾ ਕਾਰਜਕਾਲ 28 ਫਰਵਰੀ 2025 'ਚ ਖ਼ਤਮ ਹੋਣਾ ਹੈ। ਸਤੀਸ਼ ਸਿੰਗਲਾ ਦੀ ਸੇਵਾਮੁਕਤੀ 27 ਫਰਵਰੀ 2024 ਨੂੰ ਹੋ ਗਈ ਸੀ ਪਰ ਹਰਿਆਣਾ ਸਰਕਾਰ ਨੇ ਉਨ੍ਹਾਂ ਨੂੰ 28 ਫਰਵਰੀ 2025 ਤੱਕ ਦੀ ਐਕਸਟੈਨਸ਼ਨ ਦੇ ਦਿੱਤੀ ਸੀ। ਹੁਣ ਪੰਜਾਬ ਸਰਕਾਰ ਨੇ ਪਹਿਲੀ ਮਾਰਚ ਤੋਂ ਆਪਣੇ ਸਕੱਤਰ ਦੀ ਨਿਯੁਕਤੀ ਕੀਤੀ ਹੈ ਜਿਸ 'ਤੇ ਬੀਬੀਐੱਮਬੀ ਨੇ ਇਤਰਾਜ਼ ਖੜ੍ਹੇ ਕੀਤੇ ਹਨ।

ਪੰਜਾਬ ਸਰਕਾਰ ਵੱਲੋਂ ਸਕੱਤਰ ਦੀ ਨਿਯੁਕਤੀ ਜਾਇਜ਼ ਕਰਾਰ

ਬੀਬੀਐੱਮਬੀ ਦੇ ਪੱਤਰ ਦੇ ਜਵਾਬ ਵਿਚ ਪੰਜਾਬ ਸਰਕਾਰ ਨੇ ਸਕੱਤਰ ਦੀ ਨਿਯੁਕਤੀ ਜਾਇਜ਼ ਠਹਿਰਾਈ ਹੈ। ਜਲ ਸਰੋਤ ਵਿਭਾਗ ਨੇ ਬੀਬੀਐੱਮਬੀ ਨੂੰ ਕਿਹਾ ਹੈ ਕਿ ਜਿਨ੍ਹਾਂ ਧਾਰਾਵਾਂ ਦਾ ਹਵਾਲਾ ਦਿੱਤਾ ਗਿਆ ਹੈ, ਉਨ੍ਹਾਂ ਮੁਤਾਬਿਕ ਤਾਂ ਸਕੱਤਰ ਦੀ ਨਿਯੁਕਤੀ ਕਿਸੇ ਤਰ੍ਹਾਂ ਵਿਵਾਦਤ ਨਹੀਂ ਬਣਦੀ।

ਪੰਜਾਬ ਨੇ ਨਿਯੁਕਤੀ ਨੂੰ ਨਿਯਮਾਂ ਅਨੁਸਾਰ ਦੱਸਦਿਆਂ ਇਹ ਵੀ ਸਲਾਹ ਦਿੱਤੀ ਹੈ ਕਿ ਜਿੰਨਾਂ ਸਮਾਂ 28 ਫਰਵਰੀ ਤੱਕ ਸਕੱਤਰ ਦੀ ਪੋਸਟ ਖ਼ਾਲੀ ਨਹੀਂ ਹੁੰਦੀ, ਉਨ੍ਹਾਂ ਸਮਾਂ ਨਵੇਂ ਨਿਯੁਕਤ ਕੀਤੇ ਸਕੱਤਰ ਹਰਿੰਦਰ ਪਾਲ ਸਿੰਘ ਬੇਦੀ ਤੋਂ ਬੀਬੀਐੱਮਬੀ ਵਿਚ ਬਤੌਰ ਓਐੱਸਡੀ ਸੇਵਾਵਾਂ ਲੈ ਲਈਆਂ ਜਾਣ।

ਡਾ. ਰਵਜੋਤ ਸਿੰਘ ਨੇ ਅਧਿਕਾਰੀਆਂ ਨੂੰ ਬਾਇਓ-ਗੈਸ ਪਲਾਂਟਾਂ ਨੂੰ ਸਥਾਪਤ ਕਰਨ ਦੀ ਪ੍ਰਕਿਰਿਆ ਤੇਜ਼ ਕਰਨ ਦੇ ਵੀ ਦਿੱਤੇ ਨਿਰਦੇਸ਼

ਚੰਡੀਗੜ੍ਹ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਗੋਬਰ ਦੀ ਡੰਪਿੰਗ ਨੂੰ ਰੋਕਣ ਦਾ ਸਰਬਸੰਮਤੀ ਨਾਲ ਹੱਲ ਲੱਭਣ ਲਈ, ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਅਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਤਾਜਪੁਰ ਰੋਡ ਡੇਅਰੀ ਕੰਪਲੈਕਸ ਅਤੇ ਹੈਬੋਵਾਲ ਡੇਅਰੀ ਕੰਪਲੈਕਸ ਵਿੱਚ ਡੇਅਰੀ ਮਾਲਕਾਂ ਨਾਲ ਮੀਟਿੰਗਾਂ ਕੀਤੀਆਂ। ਤਾਜਪੁਰ ਰੋਡ ਕੰਪਲੈਕਸ ਦੇ ਡੇਅਰੀ ਮਾਲਕਾਂ ਨਾਲ ਮੀਟਿੰਗ ਨਗਰ ਨਿਗਮ ਦੇ 225 ਐਮ.ਐਲ.ਡੀ ਜਮਾਲਪੁਰ ਐਸ.ਟੀ.ਪੀ ਵਿਖੇ ਹੋਈ, ਜਦੋਂ ਕਿ ਹੈਬੋਵਾਲ ਡੇਅਰੀ ਕੰਪਲੈਕਸ ਦੇ ਡੇਅਰੀ ਮਾਲਕਾਂ ਨਾਲ ਮੀਟਿੰਗ ਉਹਨਾਂ ਦੇ ਕੰਪਲੈਕਸ ਵਿੱਚ ਹੀ ਹੋਈ। ਮੀਟਿੰਗਾਂ ਦੌਰਾਨ ਲੁਧਿਆਣਾ ਪੂਰਬੀ ਦੇ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ, ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਨਗਰ ਨਿਗਮ ਕਮਿਸ਼ਨਰ ਆਦਿਤਿਆ ਡੇਚਲਵਾਲ, ਮਰਹੂਮ ਵਿਧਾਇਕ ਗੁਰਪ੍ਰੀਤ ਬੱਸੀ ਗੋਗੀ ਦੀ ਪਤਨੀ ਸੁਖਚੈਨ ਬੱਸੀ ਗੋਗੀ ਅਤੇ ਪੁੱਤਰ ਸਵਰਾਜ ਬੱਸੀ, ਨਗਰ ਨਿਗਮ ਦੇ ਵਧੀਕ ਕਮਿਸ਼ਨਰ ਪਰਮਦੀਪ ਸਿੰਘ, ਮੁੱਖ ਇੰਜੀਨੀਅਰ ਰਵਿੰਦਰ ਗਰਗ, ਪੀ.ਪੀ.ਸੀ.ਬੀ ਲੁਧਿਆਣਾ ਦੇ ਮੁੱਖ ਇੰਜੀਨੀਅਰ ਆਰ.ਕੇ ਰੱਤੜਾ, ਕੌਂਸਲਰ ਇੰਦੂ ਮੁਨੀਸ਼ ਸ਼ਾਹ, ਕਾਰਜਕਾਰੀ ਇੰਜੀਨੀਅਰ ਏਕਜੋਤ ਸਿੰਘ, ਕਾਰਜਕਾਰੀ ਇੰਜੀਨੀਅਰ (ਪੀ.ਡਬਲਯੂ.ਐਸ.ਐਸ.ਬੀ) ਬਲਰਾਜ ਸਿੰਘ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ।

ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਅਤੇ ਰਾਜ ਸਭਾ ਮੈਂਬਰ ਸੀਚੇਵਾਲ ਨੇ ਕਿਹਾ ਕਿ ਇਨ੍ਹਾਂ ਮੀਟਿੰਗਾਂ ਦੌਰਾਨ, ਗੱਲਬਾਤ ਕੀਤੀ ਗਈ ਅਤੇ ਸਮੱਸਿਆ ਦਾ ਸਰਬਸੰਮਤੀ ਨਾਲ ਹੱਲ ਲੱਭਣ ਲਈ ਡੇਅਰੀ ਮਾਲਕਾਂ

ਪੰਜ ਕਕਾਰ–5

ਕੜਾ

ਇਕਵਾਕ ਸਿੰਘ ਪੱਟੀ



ਸਿੱਖ ਰਹਿਤ ਮਰਯਾਦਾ ਅਨੁਸਾਰ ਸਿੱਖ ਦੇ ਪੰਜ ਕਕਾਰਾਂ ਵਿਚੋਂ ਕੜਾ ਪੰਜਵਾਂ ਮੁੱਖ ਕਕਾਰ ਹੈ। ਇਸ ਨੂੰ ਪਹਿਨਣਾ ਇਕ ਪ੍ਰਣ ਦੇ ਸਮਾਨ ਹੈ ਕਿ ਸਾਡੇ ਵਿਚ ਹੁਣ ਲੋਹੇ ਵਰਗੀ ਦ੍ਰਿੜਤਾ ਤੇ ਬਲ ਹੋਣਾ ਚਾਹੀਦਾ ਹੈ। ਕੜਾ ਸੁਚੇਤ ਕਰਦਾ ਹੈ ਕਿ ਸਿੱਖ ਨੇ ਗੁਰੂ ਦੇ ਮਤ ਅਨੁਸਾਰ ਜੀਵਣ ਜਿਉਂਦਾ ਹੈ ਤੇ ਕੋਈ ਕੁਕਰਮ ਨਹੀਂ ਕਰਨਾ। ਪ੍ਰਸਿੱਧ ਵਿਦਵਾਨ ਡਾ. ਹਰਜਿੰਦਰ ਸਿੰਘ ਦਿਲਗੀਰ 'ਦਿ ਸਿੱਖ ਰੈਫਰੈਂਸ ਬੁੱਕ' ਅਤੇ 'ਡਿਕਸ਼ਨਰੀ ਆਫ ਸਿੱਖ ਫਿਲਾਸਫੀ' ਵਿਚ ਲਿਖਦੇ ਹਨ ਕਿ 'ਇਹ ਸਰਬ ਲੋਹ/ਲੋਹੇ/ਸਟੀਲ ਦਾ ਗੋਲ ਆਕਾਰ ਦਾ ਚੱਕਰ/ਰਿੰਗ ਹੁੰਦਾ ਹੈ, ਜਿਸ ਨੂੰ ਸੱਜੇ ਹੱਥ ਵਿਚ ਹਰ ਸਿੱਖ ਜਾਂ ਇਸਤਰੀ ਲਈ ਪਾਉਣਾ ਲਾਜ਼ਮੀ ਹੈ। ਕੜੇ ਨੂੰ ਕੰਗਣ ਜਾਂ ਗਜਰਾ ਕਹਿਣਾ ਗ਼ਲਤ ਹੈ।

ਇਕ ਸੋਚ ਮੁਤਾਬਿਕ ਕੜੇ ਨੂੰ ਪਹਿਨਣਾ ਇਹ ਯਾਦ ਦਿਵਾਉਂਦਾ ਹੈ ਕਿ ਸਿੱਖ ਨੇ ਕੋਈ ਵੀ ਗ਼ਲਤ ਕੰਮ ਨਹੀਂ ਕਰਨਾ। ਇਹ ਸਿੱਖ ਨੂੰ ਇਖਲਾਕ ਅਤੇ ਸਿੱਖ ਰਹਿਤ ਮਰਯਾਦਾ ਪੱਖੋਂ ਚੁਕੰਨੇ ਰੱਖਣ ਲਈ ਸੱਜੇ ਹੱਥ ਵਿਚ ਪਹਿਨਿਆ ਜਾਂਦਾ ਹੈ ਤਾਂ ਕਿ ਸਿੱਖ ਨੂੰ ਯਾਦ ਆ ਜਾਵੇ ਕਿ ਉਸ ਨੇ ਗੁਰੂ ਹੁਕਮਾਂ ਤੋਂ ਉਲਟ ਕੋਈ ਕੰਮ ਨਹੀਂ ਕਰਨਾ। ਇਕ ਹੋਰ ਵਿਚਾਰ ਮੁਤਾਬਕ ਇਹ ਜੰਗਾਂ-ਯੁੱਧਾਂ ਵੇਲੇ ਦੁਸ਼ਮਣ ਵੱਲੋਂ ਗੁੱਟ ਉੱਤੇ ਕੀਤੇ ਜਾਣ ਵਾਲੇ ਵਾਰ ਤੋਂ ਵੀ ਬਚਾਉਂਦਾ ਸੀ।

ਭਾਈ ਕਾਨ੍ਹ ਸਿੰਘ ਨਾਭਾ ਰਚਿਤ 'ਗੁਰਮਤਿ ਮਾਰਤੰਡ' ਅਨੁਸਾਰ, 'ਗੁਰੂ ਪ੍ਰਤਾਪ ਸੂਰਯ ਵਿਚ ਉਜੈਨ ਨਿਵਾਸੀ ਹਰਿ ਗੋਪਾਲ ਨੂੰ ਦਸਮੇਸ਼ ਪਿਤਾ ਪਾਸੋਂ ਸਰਬ ਲੋਹ ਦਾ ਕੜਾ ਮਿਲਣ ਦਾ ਜ਼ਿਕਰ ਹੈ, ਜੇਹਾ ਕਿ :

ਬਖਸ਼ਯੋ ਸਰਬ ਲੋਹ ਕੋ ਕੜਾ।
ਤੋਲੇ ਚਾਰ ਤੋਲ ਕੋ ਘੜਾ।

ਅਜੋਕੇ ਸਮੇਂ ਕੜਾ ਕੇਵਲ ਫੈਸ਼ਨ ਬਣਦਾ ਜਾ ਰਿਹਾ ਹੈ ਅਤੇ ਕੜਾ ਪਾ ਕੇ ਵੀ ਗ਼ਲਤ ਕੰਮਾਂ ਵਿਚ ਵਾਧਾ ਹੋਇਆ, ਸ਼ਾਇਦ ਇਸੇ ਕਰਕੇ ਵਿਨੈਪਾਲ ਬੁੱਟਰ ਦੀ ਕਲਮ ਦਸਮੇਸ਼ ਪਿਤਾ ਨੂੰ ਸੰਬੋਧਨ ਹੁੰਦੀ ਲਿਖਦੀ ਹੈ :

ਮੇਰੇ ਕੋਲ ਕੜਾ ਹੈ,
ਬੱਸ ਉਹ ਵੀ ਟੌਹਰ ਲਈ,
ਤੇਰਿਆਂ ਪੰਜ ਕਕਾਰਾਂ ਚੋਂ।

ਅਖ਼ੀਰ ਵਿਚ ਕਿਹਾ ਜਾ ਸਕਦਾ ਹੈ ਕਿ ਇਹ ਸਾਨੂੰ ਗੁਰੂ ਸਾਹਿਬ ਦਾ ਹੁਕਮ ਹੈ ਅਤੇ ਕੌਮੀ ਪਹਿਰਾਵੇ ਦੀ ਨਿਸ਼ਾਨੀ ਹੈ ਅਤੇ ਹਰ ਸਿੱਖ ਲਈ ਇਸ ਨੂੰ ਪਹਿਨਣਾ ਲਾਜ਼ਮੀ ਹੈ। •

98150-24920

2 ਫਰਵਰੀ, ਜਨਮ ਦਿਵਸ 'ਤੇ

ਸੇਵਾ ਦੀ ਮੂਰਤ ਬੀਬੀ ਭਾਨੀ ਜੀ

ਮਨਮੋਹਨ ਸਿੰਘ ਬਾਸਰਕੇ
99147-16616

ਗੁਰੂ ਪੁੱਤਰੀ, ਗੁਰੂ ਸੁਪਤਨੀ ਅਤੇ ਗੁਰੂ ਮਾਤਾ ਦਾ ਰੁਤਬਾ ਪਾਉਣ ਵਾਲੀ ਬੀਬੀ ਭਾਨੀ ਜੀ ਦਾ ਜਨਮ ਮਹਾਨਕੋਸ਼ ਦੇ ਲਿਖਾਰੀ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 21 ਮਾਘ 1551 ਬਿਕਰਮੀ (2 ਫਰਵਰੀ 1534 ਈਸਵੀ) ਨੂੰ ਪਿੰਡ ਬਾਸਰਕੇ ਵਿਖੇ ਗੁਰੂ ਅਮਰਦਾਸ ਦੇ ਘਰ ਮਾਤਾ ਮਨਸਾ ਦੇਵੀ ਜੀ ਦੀ ਕੁੱਖੋਂ ਹੋਇਆ। ਬੀਬੀ ਭਾਨੀ ਜੀ ਦੀ ਸੇਵਾ ਜਗਤ ਪ੍ਰਸਿੱਧ ਹੈ। ਉਹ ਬਹੁਤ ਹੀ ਲਗਨ ਨਾਲ ਗੁਰੂ ਘਰ ਦੀ ਸੇਵਾ ਕਰਿਆ ਕਰਦੇ ਸਨ। ਬੀਬੀ ਭਾਨੀ ਜੀ ਅਤੇ ਭਾਈ ਜੇਠਾ ਜੀ ਦੀ ਸੇਵਾ ਨੇ ਹੀ ਗੁਰੂ-ਗੱਦੀ ਭਾਈ ਜੇਠਾ ਜੀ ਦੀ ਝੋਲੀ ਪਾਈ ਅਤੇ ਉਨ੍ਹਾਂ ਨੂੰ ਭਾਈ ਜੇਠਾ ਜੀ ਤੋਂ ਗੁਰੂ ਰਾਮਦਾਸ ਬਣਾਇਆ।

ਇਕ ਵਾਰੀ ਬੀਬੀ ਭਾਨੀ ਜੀ ਦੇ ਪੈਰ ਨੰਗੇ ਸਨ ਅਤੇ ਪੈਰ ਦਾ ਅੰਗੂਠਾ ਚੌਕੀ ਹੇਠ ਆ ਗਿਆ, ਖ਼ੂਨ ਵਹਿ ਤੁਰਿਆ। ਦਰਦ ਦੇ ਬਾਵਜੂਦ ਉਨ੍ਹਾਂ ਨੇ ਕੋਈ ਪਰੇਸ਼ਾਨੀ ਪ੍ਰਗਟ ਨਾ ਹੋਣ ਦਿੱਤੀ। ਉਨ੍ਹਾਂ ਆਪਣਾ ਪੈਰ ਖਿੱਚਣ ਵਿਚ ਅਤੇ 'ਹਾਏਂ' ਕਹਿਣ ਤੋਂ ਵੀ ਸੰਕੋਚ ਕੀਤਾ ਕਿ ਕਿਤੇ ਪਿਤਾ ਜੀ ਦੇ ਸਵੇਰ ਦੇ ਨੇਮ ਵਿਚ ਖਲਲ ਨਾ ਪਵੇ।

ਬੀਬੀ ਭਾਨੀ ਜੀ ਦੀ ਪੁਸ਼ਾਕ ਬੜੀ ਸਾਦੀ ਹੁੰਦੀ ਸੀ ਅਤੇ ਉਹ ਗਹਿਣੇ ਵੀ ਨਹੀਂ ਪਹਿਨਦੇ ਸਨ। ਇਸ ਸਬੰਧੀ ਇਤਿਹਾਸਕਾਰ ਮੈਕਾਲਾਫ਼ ਨੇ ਇਕ ਵਾਰਤਾ ਵੀ ਲਿਖੀ ਕਿ ਇਕ ਸਿੱਖ ਨੇ ਗੁਰੂ ਜੀ ਪਾਸੋਂ ਆਗਿਆ ਮੰਗੀ ਕਿ ਉਹ ਬੀਬੀ ਭਾਨੀ ਜੀ ਵਾਸਤੇ ਰੇਸ਼ਮੀ ਵਸਤਰ ਤੇ ਗਹਿਣੇ ਬਣਾ ਕੇ ਦੇਣ ਦੀ ਇੱਛਾ ਰੱਖਦਾ ਹੈ। ਨਿਰੇ ਸਾਦੇ ਕੱਪੜੇ ਨਵ-ਵਿਆਹੀ ਨੂੰ ਜਚਦੇ ਨਹੀਂ। ਜਦ ਬੀਬੀ ਭਾਨੀ ਜੀ ਨੇ ਇਹ ਸੁਣਿਆ ਤਾਂ ਉਨ੍ਹਾਂ ਨੇ ਉਸੇ ਵੇਲੇ ਸਿੱਖ ਨੂੰ ਆਸਾ ਵੀ ਵਾਰ ਦਾ ਸਲੋਕ ਪੜ੍ਹ ਕੇ ਸੁਣਾਇਆ :

ਕੂੜ ਸੁਇਨਾ ਕੂੜ ਰੁਪਾ
ਕੂੜ ਪੈਨਣਹਾਰ॥
ਕੂੜ ਕਾਇਆ, ਕੂੜ ਕਪੜ,
ਕੂੜ ਰੂਪ ਅਪਾਰ॥

ਇਕ ਸਵੇਰ ਗੁਰੂ ਅਮਰਦਾਸ ਜੀ ਆਪਣੇ ਵਿਸ਼ਰਾਮ ਅਸਥਾਨ ਦੇ ਵਿਹੜੇ ਵਿਚ ਆਏ, ਜਿੱਥੇ ਬੀਬੀ ਭਾਨੀ ਜੀ ਅਤੇ ਬੀਬੀ ਆਤਮਾ ਦੇਵੀ (ਬਾਬਾ ਮੋਹਰੀ ਜੀ ਦੀ ਪਤਨੀ), ਜੋ ਆਪਸ ਵਿਚ ਨਣਾਨ ਭਰਜਾਈ ਸਨ, ਬੈਠੀਆਂ ਸਨ। ਗੁਰੂ ਅਮਰਦਾਸ ਜੀ ਨੇ ਦੂਰੋਂ ਆਵਾਜ਼ ਦਿੱਤੀ, 'ਧੀਏ ਭਾਨੀਏ, ਜੇ ਸਾਈਂ ਦੀ ਵਜ੍ਹਾ ਵਰਤੇ, ਰਾਮਦਾਸ ਗੁਜ਼ਰ ਜਾਏ ਤਾਂ ਸੱਚੀ ਦੱਸੀ ਤੂੰ ਬੇਟਾ ਕੀ ਕਰੇ?' ਸੂਰਜ ਪ੍ਰਕਾਸ਼ ਗ੍ਰੰਥ ਵਿਚ ਇਸ ਘਟਨਾ ਦਾ ਜ਼ਿਕਰ ਇਸ ਪ੍ਰਕਾਰ ਜ਼ਾਮਲ ਹੈ :

ਰਾਮਦਾਸ ਅਬ ਤਨ ਪਰਹਰੈ
ਕਹ ਪੁੱਤਰੀ ਕਯਾ ਤਬਿ ਤੂੰ ਕਰੇ।

ਬੀਬੀ ਭਾਨੀ ਜੀ ਨੇ ਸਿਰ ਝੁਕਾ ਕੇ ਆਪਣੇ ਸੁਹਾਗ ਦੀ ਨਿਸ਼ਾਨੀ ਨੱਥ ਗੁਰੂ ਚਰਨਾਂ ਅੱਗੇ ਰੱਖ ਦਿੱਤੀ। ਗੁਰੂ ਅਮਰਦਾਸ ਜੀ ਨੇ ਕਿਹਾ 'ਜਾਹ ਬੱਚੀਏ, ਸਾਈਂ ਲਾਜ ਰੱਖੇਗਾ। ਗੁਰੂ ਰਾਮਦਾਸ ਨੂੰ ਆਪਣੀ ਆਯੂ ਦਿੱਤੀ ਤੇ ਮੈਂ ਪਰਲੋਕ ਸਿਧਾਰਿਆ ਹਾਂ।' ਸੂਰਜ ਪ੍ਰਕਾਸ਼ ਵਿਚ ਇਸ ਦਾ ਜ਼ਿਕਰ ਇਨ੍ਹਾਂ ਲਫ਼ਜ਼ਾਂ ਵਿਚ ਸ਼ਾਮਲ ਹੈ :

ਆਪਨ ਆਹ ਬਲਾ ਅਬਿ ਮੇ ਦੇਵੋ
ਹਿਤ ਵ ਪਰਲੋਕ ਗਮਨ ਸੁਭ ਲੇਵੋ।

ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ ਅਤੇ ਆਪਣੀ ਆਯੂ ਛੇ ਸਾਲ 11 ਮਹੀਨੇ ਅਤੇ 17 ਦਿਨ ਗੁਰੂ ਰਾਮਦਾਸ ਜੀ ਨੂੰ ਦੇ ਗਏ। ਬੀਬੀ ਭਾਨੀ ਜੀ ਸੰਨ 1598 ਈਸਵੀ ਨੂੰ ਪਰਲੋਕ ਸਿਧਾਰੇ। ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੀ ਯਾਦ ਵਿਚ ਖੂਹ ਲਗਵਾਇਆ, ਜਿਸ ਨੂੰ ਅੱਜ ਵੀ ਬੀਬੀ ਭਾਨੀ ਜੀ ਵਾਲਾ ਖੂਹ ਕਿਹਾ ਜਾਂਦਾ ਹੈ। •

ਬੀਬੀ ਭਾਨੀ ਜੀ ਨੂੰ ਗੁਰੂ ਅਮਰਦਾਸ ਜੀ ਦੀ ਸਪੁੱਤਰੀ, ਗੁਰੂ ਰਾਮਦਾਸ ਜੀ ਦੀ ਸੁਪਤਨੀ ਤੇ ਗੁਰੂ ਅਰਜਨ ਦੇਵ ਜੀ ਦਾ ਮਾਤਾ ਹੋਣ ਦਾ ਸੁਭਾਗ ਪ੍ਰਾਪਤ ਹੈ...

ਸੰਤ ਅਤਰ ਸਿੰਘ ਮਸਤੂਆਣਾ

2 ਫਰਵਰੀ, ਬਰਸੀ 'ਤੇ

ਪ੍ਰੋ. ਨਵ ਸੰਗੀਤ ਸਿੰਘ
94176-92015

ਸੰਨ 1914 ਵਿਚ ਪੰਡਿਤ ਮਦਨ ਮੋਹਨ ਮਾਲਵੀਆ ਦੀ ਬੇਨਤੀ 'ਤੇ ਸੰਤ ਅਤਰ ਸਿੰਘ ਮਸਤੂਆਣਾ ਨੇ ਬਨਾਰਸ ਹਿੰਦੂ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ...

ਪੂਰਨ ਬ੍ਰਹਮ ਗਿਆਨੀ ਸੰਤ ਬਾਬਾ ਅਤਰ ਸਿੰਘ ਦਾ ਜਨਮ 28 ਮਾਰਚ 1866 ਈਸਵੀ ਨੂੰ ਬਾਬਾ ਕਰਮ ਸਿੰਘ ਦੇ ਘਰ ਮਾਤਾ ਭੋਲੀ ਦੀ ਕੁੱਖੋਂ ਪਿੰਡ ਚੀਮਾ, ਜ਼ਿਲ੍ਹਾ ਸੰਗਰੂਰ (ਰਿਆਸਤ ਜੀਂਦ) ਵਿਖੇ ਹੋਇਆ। ਬਚਪਨ ਤੋਂ ਹੀ ਆਪ ਵਿਚ ਭਵਿੱਖ ਦੀਆਂ ਮਹਾਨਤਾਵਾਂ ਝਲਕਦੀਆਂ ਸਨ, ਕਿਉਂਕਿ ਉਹ ਅਕਸਰ ਘਰ ਦੇ ਇਕ ਕੋਨੇ ਵਿਚ ਬੈਠ ਕੇ ਪ੍ਰਭੂ-ਭਗਤੀ ਕਰਦੇ ਰਹਿੰਦੇ।

ਪੰਜ ਸਾਲ ਦੀ ਉਮਰ ਤਕ ਉਹ ਲੰਮਾ ਸਮਾਂ ਬੰਦਗੀ 'ਚ ਲੀਨ ਰਹਿੰਦੇ ਰਹੇ। ਸੱਤ ਸਾਲ ਦੀ ਉਮਰ 'ਚ ਉਨ੍ਹਾਂ ਨੂੰ ਪਿੰਡ ਦੇ ਸਕੂਲ ਪੜ੍ਹਨ ਲਈ ਭੇਜਿਆ ਗਿਆ, ਪਰ ਉਨ੍ਹਾਂ ਨੇ ਸਤਿਕਾਰ ਸਹਿਤ ਜਵਾਬ ਦਿੱਤਾ ਕਿ ਉਹ ਸਿਰਫ਼ ਉਹੀ ਵਿੱਦਿਆ ਪ੍ਰਾਪਤ ਕਰਨਗੇ, ਜੋ ਸੱਚ ਦੀ ਪ੍ਰਾਪਤੀ ਤਕ ਜਾਂਦੀ ਹੈ। ਕੁਝ ਚਿਰ ਪਿੱਛੋਂ ਪਿਤਾ ਨੇ ਇਸ ਸੰਤ-ਸੁਭਾਅ ਬੱਚੇ ਨੂੰ ਪਸ਼ੂ ਚਾਰਨ ਭੇਜਿਆ। ਬਾਲਕ ਅਤਰ ਸਿੰਘ ਜਦੋਂ ਗਾਵਾਂ-ਮੱਝਾਂ ਲੈ ਕੇ ਬਾਹਰ ਜਾਂਦਾ ਤਾਂ ਕਦੇ ਸੋਟੀ ਦੀ ਵਰਤੋਂ ਨਹੀਂ ਸੀ ਕਰਦਾ। ਖੇਤਾਂ ਵਿਚ ਵੀ ਉਹ ਪ੍ਰਭੂ-ਭਗਤੀ ਕਰਦਾ ਰਹਿੰਦਾ ਤੇ ਦੂਜੇ ਮੁੰਡਿਆਂ ਨੂੰ ਵੀ ਇਉਂ ਕਰਨ ਲਈ ਪ੍ਰੇਰਦਾ। ਇਕ ਵਾਰ ਉਹ ਖੇਤਾਂ ਵਿਚ ਇਕ ਰੁੱਖ ਹੇਠ ਸੁੱਤਾ ਪਿਆ ਸੀ, ਤਾਂ ਉੱਥੋਂ ਲੰਘਦੇ ਇਕ ਸਾਧੂ ਨੇ ਉਹਦੇ ਪੈਰਾਂ ਵਿਚ 'ਪਦਮ' ਵੇਖਿਆ। ਸਾਧੂ ਨੇ ਇਸ ਬੱਚੇ ਦੇ ਪੈਰਾਂ 'ਤੇ ਸ਼ਰਧਾ ਨਾਲ ਮੱਥਾ ਟੇਕਿਆ ਤੇ ਭਵਿੱਖਬਾਣੀ ਕੀਤੀ, 'ਇਹ ਬੱਚਾ ਇਕ ਦਿਨ ਬਹੁਤ ਵੱਡੀ ਸ਼ਖ਼ਸੀਅਤ ਬਣੇਗਾ ਤੇ ਰਾਜੇ-ਮਹਾਰਾਜੇ ਇਸ ਨੂੰ ਸੀਸ ਝੁਕਾਇਆ ਕਰਨਗੇ।'

ਬਾਲਗ ਅਵਸਥਾ ਵਿਚ ਸੰਤ ਜੀ ਗ਼ਰੀਬਾਂ ਨੂੰ ਭੋਜਨ ਛਕਾਉਣ ਤੇ ਸਾਥੀਆਂ ਨਾਲ ਹਰ ਚੀਜ਼ ਵੰਡ ਕੇ ਖਾਣ ਦੇ ਇੱਛੁਕ ਸਨ। ਉਹ ਆਪਣੇ ਮਾਪਿਆਂ ਦੀ ਆਗਿਆ ਦਾ ਪਾਲਣ ਕਰਦੇ, ਘਰ ਤੇ ਖੇਤਾਂ ਵਿਚ ਸਾਰੇ ਕੰਮਾਂ ਵੱਲ ਧਿਆਨ ਦਿੰਦੇ ਪਰ ਇਕੱਲਤਾ 'ਚ ਬੈਠ ਕੇ ਬੰਦਗੀ ਲਈ ਸਮਾਂ ਜ਼ਰੂਰ ਕੱਢਦੇ। ਪਿਤਾ ਕਰਮ ਸਿੰਘ ਨੂੰ ਬੱਚੇ ਦਾ ਇਹ ਰਵੱਈਆ ਪਸੰਦ ਨਹੀਂ ਸੀ ਤੇ ਕਈ ਵਾਰ ਉਨ੍ਹਾਂ ਨੇ ਬੱਚੇ ਨੂੰ ਸਮਝਾਇਆ ਵੀ ਸੀ।

ਇਕ ਦਿਨ ਉਨ੍ਹਾਂ ਨੇ ਆਪਣੀ ਮਾਂ ਤੋਂ ਫ਼ੌਜ 'ਚ ਭਰਤੀ ਹੋਣ ਦੀ ਆਗਿਆ ਲਈ ਅਤੇ 1885 ਵਿਚ ਫ਼ੌਜ 'ਚ ਭਰਤੀ ਹੋ ਗਏ। ਸੰਤ ਜੀ ਨੇ ਵਿਆਹ ਦੇ ਪ੍ਰਸਤਾਵ ਨੂੰ ਠੁਕਰਾ ਕੇ ਮਾਂ ਨੂੰ ਸੁਨੇਹਾ ਭੇਜਿਆ ਕਿ ਪਰਮਾਤਮਾ ਨੇ ਉਨ੍ਹਾਂ ਨੂੰ ਵਿਆਹ ਦੇ ਬੰਧਨ ਵਿਚ ਨਹੀਂ ਪਾਇਆ। ਉਨ੍ਹਾਂ ਨੇ ਸੰਤ ਜੋਧ ਸਿੰਘ ਦੀ ਅਗਵਾਈ ਵਿਚ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕਿਆ, ਜੋ ਫ਼ੌਜੀ ਗੁਰਦੁਆਰੇ ਵਿਚ ਗ੍ਰੰਥੀ ਸਨ। ਫ਼ੌਜ 'ਚ ਰਹਿੰਦਿਆਂ ਉਨ੍ਹਾਂ ਦਾ ਵਧੇਰੇ ਸਮਾਂ ਧਾਰਮਿਕ ਪੁਸਤਕਾਂ ਪੜ੍ਹਨ ਤੇ ਬੰਦਗੀ ਵਿਚ ਬਤੀਤ ਹੁੰਦਾ ਪਰ ਉਹ ਡਿਊਟੀ ਸਮੇਂ ਪੂਰਨ ਤੌਰ ਤੇ ਅਨੁਸ਼ਾਸਨ ਵਿਚ ਰਹਿੰਦੇ।

ਸੰਤ-ਸਿਪਾਹੀ ਬਾਬਾ ਅਤਰ ਸਿੰਘ ਨੇ ਫ਼ੌਜ ਤੋਂ ਛੁੱਟੀ ਲਈ ਤੇ ਦਿਲ ਦੀ ਇੱਛਾ ਪੂਰੀ ਕਰਨ ਲਈ ਡੇਰਾ ਗਾਜ਼ੀ ਖ਼ਾਨ ਤੋਂ ਹਜ਼ੂਰ ਸਾਹਿਬ (ਨੰਦੇੜ) ਲਈ ਚੱਲ ਪਏ। ਉਨ੍ਹਾਂ ਨੇ ਕਈ ਸੈਂਕੜੇ ਮੀਲ ਦਾ ਸਫ਼ਰ ਤੈਅ ਕਰਨ ਪਿੱਛੋਂ ਹਜ਼ੂਰ ਸਾਹਿਬ ਵਿਖੇ ਗੋਦਾਵਰੀ ਦੇ ਕੰਢੇ ਦੋ ਸਾਲ ਦਿਨ-ਰਾਤ ਭਗਤੀ ਕੀਤੀ। ਇਸ ਭਗਤੀ ਤੋਂ ਉਨ੍ਹਾਂ ਨੂੰ ਇੰਨਾ ਆਨੰਦ ਮਿਲਿਆ ਕਿ ਉਹ ਕਈ ਹਫ਼ਤੇ ਬਿਨਾਂ ਕੁਝ ਖਾਧੇ ਲੰਘਾ ਦਿੰਦੇ। ਉਨ੍ਹਾਂ ਨੇ ਨਾ ਭੋਜਨ ਦੀ ਇੱਛਾ ਪ੍ਰਗਟ ਕੀਤੀ ਤੇ ਨਾ ਹੀ ਕਿਧਰੇ ਖਾਣ ਲਈ ਗਏ।

ਇਥੇ ਹੀ ਇਕ ਸ਼ਰਧਾਲੂ ਨੇ ਉਨ੍ਹਾਂ ਨੂੰ ਕੁਝ ਧਨ ਭੇਟ ਕੀਤਾ ਪਰ ਉਨ੍ਹਾਂ ਨੇ ਇਸ ਨੂੰ ਇਕ ਟੋਏ 'ਚ ਦਬਾ ਦਿੱਤਾ। ਉਨ੍ਹਾਂ ਨੇ ਗੋਦਾਵਰੀ ਦੇ ਨਰੀਨਾ ਘਾਟ, ਬੰਦਾ ਘਾਟ, ਗੌਤਮ ਘਾਟ ਤੇ ਸ਼ਿਕਾਰ ਘਾਟ 'ਤੇ ਵੀ ਬੰਦਗੀ ਕੀਤੀ। ਇਕ ਵਾਰ ਸੰਤ ਜੀ ਨੇ ਸੰਸਾਰਕ ਮੋਹ-ਮਾਇਆ ਤੋਂ ਪਿੱਛਾ ਛੁਡਾਉਣ ਲਈ ਖ਼ੁਦ ਨੂੰ ਗੋਦਾਵਰੀ ਵਿਚ ਸੁੱਟ ਦਿੱਤਾ ਤਾਂ ਜੋ ਮੱਛੀਆਂ ਤੇ ਜਲ-ਜੀਵ ਉਨ੍ਹਾਂ ਨੂੰ ਖਾ ਜਾਣ ਪਰ ਰੂਹਾਨੀ ਸ਼ਕਤੀ ਨੇ ਉਨ੍ਹਾਂ ਨੂੰ ਪਾਣੀ 'ਚੋਂ ਕੱਢ ਕੇ ਕੰਢੇ 'ਤੇ ਲੈ ਆਂਦਾ ਤੇ ਉਨ੍ਹਾਂ ਦੇ ਕੰਨਾਂ ਵਿਚ ਆਵਾਜ਼ ਆਈ, 'ਤੁਸੀਂ ਮਾਨਵਤਾ ਲਈ ਅਜੇ ਬਹੁਤ ਕੁਝ ਕਰਨਾ ਹੈ..'

ਇਕ ਦਿਨ ਸੰਤ ਜੀ ਗੋਦਾਵਰੀ ਦੇ ਨਾਲ-ਨਾਲ ਪੰਜ ਮੀਲ ਅੱਗੇ ਲੰਘ ਗਏ ਤੇ ਸੰਤ ਦਿਨ ਡੁੱਬੇ ਪਾਣੀ 'ਚ ਬੈਠ ਕੇ ਬਿਨਾਂ ਕੁਝ ਖਾਧਿਆਂ ਪ੍ਰਭੂ-ਭਗਤੀ ਕਰਦੇ ਰਹੇ। ਛੇਵੀਂ ਰਾਤ ਹਜ਼ੂਰ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਨਾਨ੍ਹੂ ਸਿੰਘ ਨੂੰ ਸੁਪਨਾ ਆਇਆ, ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਆਦੇਸ਼ ਦਿੱਤਾ ਕਿ ਉਨ੍ਹਾਂ ਦੇ ਪਰਮ-ਭਗਤ ਲਈ ਖਾਣਾ ਲੈ ਕੇ ਨਦੀ 'ਤੇ ਜਾਵੇ। ਭਾਈ ਨਾਨ੍ਹੂ ਸਿੰਘ ਨੇ ਉਵੇਂ ਹੀ ਕੀਤਾ ਪਰ ਉਨ੍ਹਾਂ ਨੂੰ ਚਾਰ ਮੀਲ ਤਕ ਕੋਈ ਨਾ ਦਿਸਿਆ ਤਾਂ ਉਹ ਨਿਰਾਸ਼ ਪਰਤ ਆਏ। ਉਸ ਰਾਤ ਫਿਰ ਸੁਪਨਾ ਆਇਆ ਕਿ ਉਹ ਕੁਝ ਹੋਰ ਅੱਗੇ ਜਾਵੇ ਤਾਂ ਅਗਲੀ ਸਵੇਰ ਭਾਈ ਜੀ ਨੇ ਸੰਤ ਜੀ ਨੂੰ ਲੱਭ ਕੇ ਭੋਜਨ ਪੇਸ਼ ਕੀਤਾ ਪਰ ਸੰਤ ਜੀ ਨੇ ਖਾਣ ਤੋਂ ਇਨਕਾਰ ਕਰ ਦਿੱਤਾ। ਜਦੋਂ ਭਾਈ ਜੀ ਨੇ ਉਨ੍ਹਾਂ ਨੂੰ ਹੱਥੀ-ਹੁਕਮ ਬਾਰੇ ਦੱਸਿਆ ਤਾਂ ਸੰਤ ਜੀ ਨੇ ਇਸ ਸ਼ਰਤ 'ਤੇ ਖਾਣਾ ਖਾ ਲਿਆ ਕਿ ਉਹ ਇਹ ਗੱਲ ਕਿਸੇ ਹੋਰ ਨੂੰ ਨਾ ਦੱਸਣ।

ਹਜ਼ੂਰ ਸਾਹਿਬ ਤੋਂ ਆਪ ਸੰਘਣੇ ਜੰਗਲਾਂ ਰਾਹੀਂ ਹਰਿਦੁਆਰ ਤੇ ਰਿਸ਼ੀਕੇਸ਼ ਨੂੰ ਚੱਲ ਪਏ। ਰਿਸ਼ੀਕੇਸ਼ ਦੇ ਜੰਗਲਾਂ ਵਿਚ ਸ਼ੇਰ, ਚੀਤੇ ਆਦਿ ਸਨ ਪਰ ਸੰਤ ਜੀ ਉੱਥੇ ਸਮਾਧੀ ਲਾ ਕੇ ਬਹਿ ਗਏ। ਕਿਸੇ ਜੰਗਲੀ-ਜੀਵ ਨੇ ਉਨ੍ਹਾਂ ਨੂੰ ਨੁਕਸਾਨ ਨਾ ਪਹੁੰਚਾਇਆ। ਉਹ ਕਰੀਬ ਇਕ ਸਾਲ ਇਨ੍ਹਾਂ ਜੰਗਲਾਂ 'ਚ ਰਹੇ।

ਸੰਤ ਜੀ ਨੇ ਬੜੂ, ਸਿਆਲਕੋਟ, ਅੰਮ੍ਰਿਤਸਰ ਵਿਖੇ ਵੀ ਭਗਤੀ ਕੀਤੀ ਤੇ ਫਿਰ ਚੀਮਾ ਪਿੰਡ ਆ ਗਏ। ਤਿੰਨ ਮਹੀਨੇ ਪਿੱਛੋਂ ਉਨ੍ਹਾਂ ਨੇ ਚੀਮਾ ਪਿੰਡ ਵੀ ਛੱਡ ਦਿੱਤਾ। ਇਸ ਦੌਰਾਨ ਫ਼ੌਜ-ਪ੍ਰਸ਼ਾਸਨ ਨੇ ਉਨ੍ਹਾਂ ਦੀ ਭਾਲ ਕੀਤੀ ਤਾਂ ਉਨ੍ਹਾਂ ਨੇ ਖ਼ੁਦ ਪ੍ਰਸ਼ਾਸਨ ਕੋਲ ਜਾ ਕੇ ਸੇਵਾ-ਮੁਕਤੀ ਦੀ ਬੇਨਤੀ ਕੀਤੀ। ਅਧਿਕਾਰੀਆਂ ਨੇ ਉਨ੍ਹਾਂ ਨੂੰ ਨੌਕਰੀ ਨਾ ਛੱਡਣ ਲਈ ਬਥੇਰਾ ਜ਼ੋਰ ਲਾਇਆ ਪਰ ਆਖ਼ਰ ਅਧਿਕਾਰੀਆਂ ਨੂੰ ਸੰਤ ਜੀ ਦੀ ਗੱਲ ਮੰਨਣੀ ਪਈ।

ਇੰਜ ਵੱਖ-ਵੱਖ ਥਾਵਾਂ 'ਤੇ ਪ੍ਰਭੂ-ਭਗਤੀ, ਨਾਮ-ਬਾਣੀ, ਅੰਮ੍ਰਿਤ-ਸੰਚਾਰ ਕਰਦੇ ਹੋਏ ਸੰਤ ਅਤਰ ਸਿੰਘ ਜੀ ਮਸਤੂਆਣਾ ਆ ਬਿਰਾਜੇ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇਸ ਧਰਤੀ 'ਤੇ ਗੁਰੂ ਨਾਨਕ ਸਾਹਿਬ

ਆਰਥਿਕ ਸਰਵੇਖਣ ਸੰਸਦ 'ਚ ਪੇਸ਼, ਮਾਲੀ ਸਾਲ 26 ਦੌਰਾਨ GDP ਦਰ 6.3 ਤੋਂ 6.8 ਫ਼ੀਸਦੀ ਰਹਿਣ ਦੇ ਆਸਾਰ

ਨਵੀਂ ਦਿੱਲੀ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ਼ੁੱਕਰਵਾਰ ਨੂੰ ਸੰਸਦ ਵਿੱਚ ਪੇਸ਼ ਕੀਤੇ ਗਏ ਆਰਥਿਕ ਸਰਵੇਖਣ ਵਿੱਚ ਕਿਹਾ ਗਿਆ ਹੈ ਕਿ ਮਜ਼ਬੂਤ ਬੁਨਿਆਦਾਂ, ਵਿੱਤੀ ਇਕਜੁੱਟਤਾ ਅਤੇ ਸਥਿਰ ਨਿੱਜੀ ਖ਼ਪਤ ਦੇ ਕਾਰਨ ਭਾਰਤ ਵਿੱਚ ਵਿੱਤੀ ਸਾਲ 2025-26 'ਚ ਕੁੱਲ ਘਰੇਲੂ ਪੈਦਾਵਾਰ (74♦) ਵਿਕਾਸ ਦਰ 6.3 ਤੋਂ 6.8 ਫ਼ੀਸਦੀ ਦਰਜ ਕੀਤੇ ਜਾਣ ਦੀ ਉਮੀਦ ਹੈ।

ਮੌਜੂਦਾ ਵਿੱਤੀ ਸਾਲ ਵਿੱਚ ਆਰਥਿਕ ਵਿਕਾਸ ਦਰ 4 ਸਾਲਾਂ ਦੇ ਹੇਠਲੇ ਪੱਧਰ 6.4 ਫ਼ੀਸਦੀ ਤੱਕ ਖਿਸਕਣ ਦਾ ਅਨੁਮਾਨ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੁਆਰਾ ਸੰਸਦ ਦੇ ਦੋਵਾਂ ਸਦਨਾਂ ਵਿੱਚ ਪੇਸ਼ ਕੀਤੇ ਗਏ ਆਰਥਿਕ ਸਰਵੇਖਣ 2024-25 ਵਿੱਚ ਕਿਹਾ ਗਿਆ ਹੈ, ਇੱਕ ਮਜ਼ਬੂਤ ??ਬਾਹਰੀ ਲੇਖੇ, ਕੈਲੀਬਰੇਟਿਡ ਵਿੱਤੀ ਇਕਜੁੱਟਤਾ ਅਤੇ ਸਥਿਰ ਨਿੱਜੀ ਖਪਤ ਦੇ ਨਾਲ ਘਰੇਲੂ ਅਰਥਚਾਰੇ ਦੇ ਬੁਨਿਆਦੀ ਸਿਧਾਂਤ ਮਜ਼ਬੂਤ ??ਬਣੇ ਹੋਏ ਹਨ। ਇਸ ਸਦਕਾ ਅਸੀਂ ਉਮੀਦ ਕਰਦੇ ਹਾਂ ਕਿ FYBF (ਮਾਲੀ ਸਾਲ 2025-26) ਵਿੱਚ ਵਿਕਾਸ 6.3 ਅਤੇ 6.8 ਫ਼ੀਸਦੀ ਦੇ ਵਿਚਕਾਰ ਰਹੇਗਾ।

ਵਿੱਤ ਮੰਤਰੀ ਨੇ ਕਿਹਾ ਕਿ ਵਿਸ਼ਵਵਿਆਪੀ ਰੁਕਾਵਟਾਂ ਨੂੰ ਨੇਵੀਗੇਟ ਕਰਨ ਲਈ ਰਣਨੀਤਕ ਅਤੇ ਸੂਝਵਾਨ ਨੀਤੀ ਪ੍ਰਬੰਧਨ ਅਤੇ ਘਰੇਲੂ ਬੁਨਿਆਦੀ ਸਿਧਾਂਤਾਂ ਨੂੰ ਮਜ਼ਬੂਤ ??ਕਰਨ ਦੀ ਲੋੜ ਹੋਵੇਗੀ। ਬਜਟ 2024-25 ਵਿੱਚ ਨਿਰੰਤਰ ਵਿਕਾਸ ਨੂੰ ਅੱਗੇ ਵਧਾਉਣ ਲਈ ਇੱਕ ਬਹੁ-ਖੇਤਰੀ ਨੀਤੀ ਏਜੰਡਾ ਰੱਖਿਆ ਗਿਆ ਹੈ।

ਸਰਵੇਖਣ ਵਿੱਚ ਖੇਤੀਬਾੜੀ ਦੇ ਮਾਮਲੇ 'ਤੇ ਗੱਲ ਕਰਦਿਆਂ ਅਨਾਜ ਦੀ ਬਹੁਤ ਵਧੀ ਹੋਈ ਪੈਦਾਵਾਰ ਨੂੰ ਘਟਾਉਣ ਕਰਨ ਦੇ ਨਾਲ-ਨਾਲ ਦਾਲਾਂ ਅਤੇ ਖ਼ੁਰਾਕੀ ਤੇਲਾਂ ਦੀ ਪੈਦਾਵਾਰ ਵਧਾਉਣ ਲਈ ਨੀਤੀਗਤ ਸੁਧਾਰਾਂ ਦਾ ਸੁਝਾਅ ਦਿੱਤਾ ਗਿਆ ਹੈ। ਆਰਥਿਕ ਸਰਵੇਖਣ 2024-25 ਵਿੱਚ ਜ਼ੋਰ ਦਿੱਤਾ ਗਿਆ ਹੈ ਕਿ ਭਾਰਤ ਦੇ ਖੇਤੀਬਾੜੀ ਖੇਤਰ ਵਿੱਚ ਵੱਖ-ਵੱਖ ਵਿਕਾਸ ਪਹਿਲਕਦਮੀਆਂ ਦੇ ਬਾਵਜੂਦ 'ਅਹਿਮ ਅਣਵਰਤੀ ਵਿਕਾਸ ਸੰਭਾਵਨਾ' ਮੌਜੂਦ ਹੈ।

ਇਸ ਵਿੱਚ ਕਿਹਾ ਗਿਆ ਹੈ ਕਿ ਕਿਸਾਨਾਂ ਨੂੰ ਬਾਜ਼ਾਰ ਤੋਂ ਬਿਨਾਂ ਕਿਸੇ ਰੁਕਾਵਟ ਦੇ ਕੀਮਤ ਸੰਕੇਤ ਪ੍ਰਾਪਤ ਕਰਨ ਦੀ ਖੁੱਲ੍ਹ ਦਿੱਤੀ ਜਾਣੀ ਚਾਹੀਦੀ ਹੈ ਅਤੇ ਨਾਲ ਹੀ ਕਮਜ਼ੋਰ ਪਰਿਵਾਰਾਂ ਦੀ ਰੱਖਿਆ ਲਈ ਵੱਖਰੇ ਢਾਂਚਾ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ।

ਦਸਤਾਵੇਜ਼ ਵਿੱਚ ਤਿੰਨ ਮੁੱਖ ਨੀਤੀਗਤ ਤਬਦੀਲੀਆਂ ਦੀ ਲੋੜ ਦੱਸੀ ਗਈ ਹੈ - ਮੁੱਲ ਜੋਖਮ ਤੋਂ ਬਚਣ ਲਈ ਬਾਜ਼ਾਰ ਢਾਂਚਾ ਕਾਇਮ ਕਰਨਾ, ਖੇਤੀ ਵਿਚ ਖਾਦਾਂ ਦੀ ਬਹੁਤ ਜ਼ਿਆਦਾ ਵਰਤੋਂ ਨੂੰ ਰੋਕਣਾ ਅਤੇ ਪਾਣੀ ਤੇ ਬਿਜਲੀ-ਅਧਾਰਤ ਕਾਸ਼ਤਕਾਰੀ ਨੂੰ ਘਟਾਉਣਾ।

10 ਸਾਲਾਂ ਵਿੱਚ ਪਹਿਲਾ ਸੰਸਦੀ ਸੈਸ਼ਨ ਜੋ ਬਿਨਾਂ ਕਿਸੇ ਵਿਦੇਸ਼ੀ ਦਖ਼ਲ ਦੇ ਸ਼ੁਰੂ ਹੋਇਆ : ਮੋਦੀ

ਨਵੀਂ ਦਿੱਲੀ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਬਜਟ ਸੈਸ਼ਨ 2025-26 ਦੇ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਇਹ ਪਹਿਲਾ ਸੰਸਦ ਸੈਸ਼ਨ ਹੈ ਜਿਸ ਵਿੱਚ ਉਨ੍ਹਾਂ ਨੇ 2014 ਤੋਂ ਬਾਅਦ ਕੋਈ ਵਿਦੇਸ਼ੀ ਦਖਲਅੰਦਾਜ਼ੀ ਨਹੀਂ ਦੇਖੀ। ਸੰਸਦ ਵੱਲ ਜਾਣ ਤੋਂ ਪਹਿਲਾਂ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, ਤੁਸੀਂ ਦੇਖਿਆ ਹੋਵੇਗਾ 2014 ਤੋਂ ਬਾਅਦ ਇਹ ਪਹਿਲਾ ਸੰਸਦ ਸੈਸ਼ਨ ਹੈ, ਜਿਸ ਵਿੱਚ ਸਾਡੇ ਮਾਮਲਿਆਂ ਵਿੱਚ ਕੋਈ 'ਵਿਦੇਸ਼ੀ ਦਖਲਅੰਦਾਜ਼ੀ' ਨਹੀਂ ਸੀ। ਜਿਸ ਵਿੱਚ ਮੈਂ ਹਰ ਬਜਟ ਸੈਸ਼ਨ ਤੋਂ ਪਹਿਲਾਂ ਇਹ ਦੇਖਿਆ ਸੀ ਸਾਡੇ ਦੇਸ਼ ਵਿੱਚ ਬਹੁਤ ਸਾਰੇ ਲੋਕ ਇਨ੍ਹਾਂ ਚੰਗਿਆੜੀਆਂ ਨੂੰ ਪ੍ਰਫੁੱਲਤ ਕਰਨ ਵਿੱਚ

ਕੋਈ ਕਸਰ ਨਹੀਂ ਛੱਡਦੇ।

ਪ੍ਰਧਾਨ ਮੰਤਰੀ ਨੇ ਕਿਹਾ ਕਿਹਾ ਨਵੀਨਤਾ, ਸਮਾਵੇਸ਼ ਅਤੇ ਨਿਵੇਸ਼ ਨੇ ਦੇਸ਼ ਦੇ ਆਰਥਿਕ ਵਿਕਾਸ ਵਿੱਚ ਮੁੱਖ ਭੂਮਿਕਾ ਨਿਭਾਈ ਹੈ। ਪੀਐਮ ਮੋਦੀ ਨੇ ਕਿਹਾ, ਤੀਸਰੇ ਕਾਰਜਕਾਲ ਵਿੱਚ ਮਿਸ਼ਨ ਮੋਡ ਵਿੱਚ ਅਸੀਂ ਦੇਸ਼ ਨੂੰ ਸਰਵਪੱਖੀ ਵਿਕਾਸ ਵੱਲ ਲੈ ਕੇ ਜਾਵਾਂਗੇ।

ਸਰਕਾਰ ਦੇ ਤੀਜੇ ਕਾਰਜਕਾਲ ਵਿੱਚ ਤਿੰਨ ਗੁਣਾ ਰਫਤਾਰ ਨਾਲ ਕੰਮ ਹੁੰਦਾ ਨਜ਼ਰ ਆ ਰਿਹਾ ਹੈ: ਰਾਸ਼ਟਰਪਤੀ ਮੁਰਮੂ

ਨਵੀਂ ਦਿੱਲੀ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸੰਸਦ ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸ਼ੁੱਕਰਵਾਰ ਨੂੰ ਵਕਫ਼ ਬੋਰਡਾਂ ਅਤੇ ਇੱਕ ਰਾਸ਼ਟਰ, ਇੱਕ ਚੋਣ ਵਰਗੇ ਮੁੱਦਿਆਂ 'ਤੇ ਫੈਸਲਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਸਰਕਾਰ ਦੇ ਤੀਜੇ ਕਾਰਜਕਾਲ ਵਿੱਚ ਪਿਛਲੇ ਪ੍ਰਸ਼ਾਸਨ ਨਾਲੋਂ ਤਿੰਨ ਗੁਣਾ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ।

ਬਜਟ ਸੈਸ਼ਨ ਦੀ ਸ਼ੁਰੂਆਤ ਦਾ ਸੰਕੇਤ ਦਿੰਦੇ ਹੋਏ ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਸਰਕਾਰ ਨੇ ਨੌਜਵਾਨਾਂ ਦੀ ਸਿੱਖਿਆ 'ਤੇ ਵਿਸ਼ੇਸ਼ ਧਿਆਨ ਦਿੱਤਾ ਹੈ ਅਤੇ ਉਨ੍ਹਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰ ਰਹੇ ਹਨ। ਆਪਣੇ ਸੰਬੋਧਨ ਸ਼ੁਰੂ ਕਰਨ ਤੋਂ ਪਹਿਲਾਂ ਮੁਰਮੂ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਸ਼ਰਧਾਂਜਲੀ

ਦਿੱਤੀ। ਉਨ੍ਹਾਂ ਮਹਾਕੁੰਭ ਵਿੱਚ ਭਗਦੜ ਵਿੱਚ ਮਰਨ ਵਾਲਿਆਂ ਨੂੰ ਸ਼ਰਧਾਂਜਲੀ ਵੀ ਦਿੱਤੀ।

ਰਾਸ਼ਟਰਪਤੀ ਨੇ ਕਿਹਾ ਕਿ ਸਰਕਾਰ ਨੇ ਨੀਤੀ ਰੋਕਾਂ ਨੂੰ ਖਤਮ ਕਰਨ ਲਈ ਦ੍ਰਿੜਤਾ ਨਾਲ ਕੰਮ ਕੀਤਾ ਹੈ। ਉਨ੍ਹਾਂ ਕਿਹਾ, "ਮੇਰੀ ਸਰਕਾਰ ਨੇ ਨਾ ਸਿਰਫ਼ ਮੱਧ ਵਰਗ ਦੇ ਯੋਗਦਾਨ ਨੂੰ ਮਾਨਤਾ ਦਿੱਤੀ ਹੈ, ਸਗੋਂ ਹਰ ਮੌਕੇ 'ਤੇ ਇਸ ਦੀ ਸ਼ਲਾਘਾ ਵੀ ਕੀਤੀ ਹੈ। ਸਰਕਾਰ ਖੇਤੀ ਉਪਜ ਲਈ ਢੁਕਵੇਂ ਰੇਟ ਦੇਣ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਵੀ ਕੰਮ ਕਰ ਰਹੀ ਹੈ।

ਮੁਰਮੂ ਨੇ ਕਿਹਾ ਕਿ ਸਰਕਾਰ ਨੇ 3 ਕਰੋੜ ਵਾਧੂ ਪਰਿਵਾਰਾਂ ਨੂੰ ਨਵੇਂ ਘਰ ਮੁਹੱਈਆ ਕਰਵਾਉਣ ਲਈ ਪ੍ਰਧਾਨ ਮੰਤਰੀ ਆਵਾਸ ਯੋਜਨਾ ਦਾ ਵਿਸਥਾਰ ਕਰਨ ਦਾ ਫੈਸਲਾ ਕੀਤਾ ਹੈ। ਆਯੁਸ਼ਮਾਨ ਭਾਰਤ ਯੋਜਨਾ ਦੇ ਤਹਿਤ ਸਰਕਾਰ ਨੇ 70 ਸਾਲ ਜਾਂ ਇਸ ਤੋਂ ਵੱਧ ਉਮਰ ਦੇ 6 ਕਰੋੜ ਨਾਗਰਿਕਾਂ ਨੂੰ ਸਿਹਤ ਬੀਮਾ ਪ੍ਰਦਾਨ ਕਰਨ ਦਾ ਫੈਸਲਾ ਕੀਤਾ ਹੈ। ਇਸ ਦੌਰਾਨ ਉਨ੍ਹਾ ਸਰਕਾਰ ਦੀਆਂ ਹੋਰ ਉਪਲਬਧੀਆਂ 'ਤੇ ਚਾਨਣਾ ਪਾਇਆ।

ਪੰਜਾਬ 'ਚ ਵੱਡਾ ਸੜਕ ਹਾਦਸਾ, 11 ਵਿਅਕਤੀਆਂ ਦੀ ਮੌਤ 25 ਜ਼ਖ਼ਮੀ

ਗੁਰੂਹਰਸਹਾਏ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਫਿਰੋਜ਼ਪੁਰ-ਫਾਜ਼ਿਲਕਾ ਰੋਡ 'ਤੇ ਗੁਰੂ ਹਰਸਹਾਏ ਨੇੜੇ ਇਕ ਦਰਦਨਾਕ ਹਾਦਸਾ ਵਾਪਰ ਗਿਆ। ਇਸ ਭਿਆਨਕ ਹਾਦਸੇ ਵਿਚ ਹੁਣ ਤਕ 11 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਜਦਕਿ 25 ਲੋਕਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਜ਼ਖਮੀਆਂ ਨੂੰ ਫਰੀਦਕੋਟ ਅਤੇ ਜਲਾਲਾਬਾਦ ਦੇ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ ਹੈ।

ਡਿਪਟੀ ਕਮਿਸ਼ਨਰ ਦੇ ਆਦੇਸ਼ਾਂ 'ਤੇ ਤਹਿਸੀਲਦਾਰ ਗੁਰੂਹਰਸਹਾਏ ਹਾਦਸਾਗ੍ਰਸਤ ਲੋਕਾਂ ਦੀ ਸੰਭਾਲ ਲਈ ਮੌਕੇ 'ਤੇ ਪਹੁੰਚੇ। ਦੱਸਿਆ ਜਾ ਰਿਹਾ ਹੈ ਕਿ ਇਕ ਪਿਕਅੱਪ ਗੱਡੀ ਜਿਸ ਵਿਚ 25 ਤੋਂ 30 ਵਿਅਕਤੀ ਸਵਾਰ ਸਨ। ਜੋ ਹਲਵਾਈ ਅਤੇ ਵੇਟਰ ਦਾ ਕੰਮ ਕਰਦੇ

ਸਨ। ਇਕ ਵਿਆਹ ਵਿਚ ਸ਼ਾਮਿਲ ਹੋਣ ਲਈ ਜਾ ਰਹੇ ਸਨ। ਦੂਜੇ ਪਾਸੇ ਤੋਂ ਆ ਰਹੇ ਕੈਂਟਰ ਨਾਲ ਪਿਕਅੱਪ ਦੀ ਆਹਮੋ-ਸਾਹਮਣੇ ਟੱਕਰ ਹੋ ਗਈ ਜਿਸ ਕਾਰਨ ਇਹ ਹਾਦਸਾ ਵਾਪਰ ਗਿਆ।

ਇਹ ਹਾਦਸਾ ਸਾਲ 2025 ਦਾ ਸਭ ਤੋਂ ਵੱਡਾ ਹਾਦਸਾ ਦੱਸਿਆ ਜਾ ਰਿਹਾ ਹੈ, ਜਿਸ ਵਿਚ 10 ਪਰਿਵਾਰ ਉੱਜੜ ਗਏ ਹਨ। ਹਾਦਸੇ ਦੇ ਮੰਜ਼ਰ ਇੰਨਾ ਭਿਆਨਕ ਸੀ ਕਿ ਦੇਖਣ ਵਾਲਿਆਂ ਦੇ ਰੌਂਗਟੇ ਖੜ੍ਹੇ ਹੋ ਗਏ। ਟੱਕਰ ਕਾਰਣ ਦੋਵਾਂ ਗੱਡੀਆਂ ਦੇ ਪਰਖੱਚੇ ਉਡ ਗਏ ਜਦਕਿ ਪਿਕਅੱਪ ਗੱਡੀ ਮਿੰਟਾਂ ਵਿਚ ਮਹਿਜ਼ ਕਬਾੜ ਦੇ ਢੇਰ ਬਣ ਕੇ ਰਹਿ ਗਈ।

ਹਾਦਸੇ ਤੋਂ ਬਾਅਦ ਮੌਕੇ 'ਤੇ ਪਹੁੰਚੇ ਕਈ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਘਟਨਾ ਦੇ ਵੇਰਵੇ ਇਕੱਠੇ ਕੀਤੇ ਜਾ ਰਹੇ ਹਨ। ਮੁੱਢਲੇ ਤੌਰ 'ਤੇ ਹਾਦਸੇ ਦਾ ਕਾਰਨ ਸੰਘਣੀ ਧੁੰਦ ਦੱਸੀ ਜਾਂਦੀ ਹੈ। ਪੁਲਸ ਪ੍ਰਸ਼ਾਸਨ ਵੱਲੋਂ ਵੀ ਵੱਖਰੇ ਤੌਰ 'ਤੇ ਮਾਮਲੇ ਦੀ ਜਾਂਚ ਆਰੰਭ ਦਿੱਤੀ ਗਈ ਹੈ। ਮ੍ਰਿਤਕ ਲੜਕਿਆਂ ਦਾ ਪੋਸਟਮਾਰਟਮ ਲਈ ਹਸਪਤਾਲ ਭੇਜਿਆ ਗਿਆ ਹੈ। ਹਾਦਸਾ ਐਨਾ ਭਿਆਨਕ ਸੀ ਕਿ ਪਿਕਅੱਪ ਗੱਡੀ ਪੂਰੀ ਨੁਕਸਾਨੀ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਮਰਨ ਵਾਲੇ ਅਤੇ ਜ਼ਖਮੀ ਸਾਰੇ ਗੁਰੂ ਹਰਸਹਾਏ ਦੇ ਰਹਿਣ ਵਾਲੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਵੇਟਰ ਵਜੋਂ ਕੰਮ ਕਰਦੇ ਸਨ, ਜੋ ਜਲਾਲਾਬਾਦ ਵਿਖੇ ਕਿਸੇ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਲਈ ਜਾ ਰਹੇ ਸਨ। ਬਾਕੀ ਜ਼ਖ਼ਮੀਆਂ ਨੂੰ ਜਲਾਲਾਬਾਦ ਅਤੇ ਫ਼ਰੀਦਕੋਟ ਦੇ ਹਸਪਤਾਲਾਂ ਵਿਚ ਦਾਖ਼ਲ ਕਰਵਾਇਆ ਗਿਆ ਹੈ। ਮੌਕੇ ਤੇ ਪਹੁੰਚੇ ਕਈ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਘਟਨਾ ਦੇ ਵੇਰਵੇ ਇਕੱਠੇ ਕੀਤੇ ਜਾ ਰਹੇ ਹਨ।

ਮਹਾਕੁੰਭ ਵਿੱਚ ਭੰਡਾਰੇ ਦੇ ਖਾਣੇ ਵਿੱਚ SHO ਨੇ ਪਾਈ ਰਾਖ, ਵੀਡੀਓ ਵਾਇਰਲ ਹੋਣ ਤੋਂ ਬਾਅਦ ਸਸਪੈਂਡ

ਪ੍ਰਯਾਗਰਾਜ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮਹਾਕੁੰਭ ਵਿੱਚ ਸ਼ਰਧਾਲੂਆਂ ਲਈ ਤਿਆਰ ਕੀਤੇ ਗਏ ਭੰਡਾਰੇ ਦੇ ਖਾਣੇ ਵਿੱਚ ਰਾਖ ਮਿਲਾਉਣ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵੱਡੇ ਪੱਧਰ 'ਤੇ ਵਾਇਰਲ ਹੋ ਰਿਹਾ ਹੈ। ਇਸ ਵੀਡੀਓ ਦੇ ਵਾਇਰਲ ਹੋਣ ਦੇ ਬਾਅਦ ਇਕ ਪੁਲੀਸ ਅਧਿਕਾਰੀ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ।

ਵਾਇਰਲ ਵੀਡੀਓ ਵਿੱਚ ਸੋਰਾਂਵ ਥਾਣੇ ਦੇ SHO ਬ੍ਰਿਜੇਸ਼ ਕੁਮਾਰ ਤਿਵਾਰੀ ਨੂੰ ਭੰਡਾਰੇ ਦੇ ਖਾਣੇ ਵਿੱਚ ਰਾਖ ਮਿਲਾਉਂਦੇ ਹੋਏ ਦੇਖਿਆ ਗਿਆ। ਇਸ ਵੀਡੀਓ ਦੇ ਸਾਹਮਣੇ ਆਣੇ ਦੇ ਬਾਅਦ DCP (ਗੰਗਾਨਗਰ) ਕੁਲਦੀਪ ਸਿੰਘ ਗੁਨਾਵਤ ਨੇ ਸੋਰਾਂਵ SHO ਨੂੰ ਸਸਪੈਂਡ ਕਰ ਦਿੱਤਾ।

DCP ਗੰਗਾਨਗਰ ਦੇ ਅਧਿਕਾਰਤ ਐਕਸ ਅਕਾਊਂਟ ਤੋਂ ਇਸ ਕਾਰਵਾਈ ਦੀ ਪੁਸ਼ਟੀ ਕੀਤੀ ਗਈ। ਪੋਸਟ ਵਿੱਚ ਲਿਖਿਆ ਗਿਆ, ਮਾਮਲੇ ਨੂੰ ਧਿਆਨ ਵਿਚ ਲੈਂਦਿਆਂ ਏਸੀਪੀ ਸੋਰਾਂਵ ਦੀ ਰਿਪੋਰਟ ਦੇ ਆਧਾਰ 'ਤੇ SHO ਨੂੰ ਸਸਪੈਂਡ ਕਰ ਦਿੱਤਾ ਗਿਆ ਹੈ ਅਤੇ ਵਿਭਾਗੀ ਜਾਂਚ ਜਾਰੀ ਹੈ।

ਅਖਿਲੇਸ਼ ਯਾਦਵ ਨੇ ਦਿੱਤੀ ਸਖਤ ਪ੍ਰਤੀਕ੍ਰਿਆ

ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਵੀ ਇਸ ਘਟਨਾ 'ਤੇ ਪ੍ਰਤੀਕ੍ਰਿਆ ਦਿੰਦਿਆਂ ਵੀਡੀਓ ਸਾਂਝਾ ਕੀਤਾ। ਉਨ੍ਹਾਂ ਲਿਖਿਆ, ਜੋ ਲੋਕ ਮਹਾਕੁੰਭ ਵਿੱਚ ਸ਼ਰਧਾਲੂਆਂ ਨੂੰ ਭੋਜਨ ਅਤੇ ਪਾਣੀ ਦੀ ਸੁਵਿਧਾ ਦੇ ਰਹੇ ਹਨ, ਉਨਾਂ ਦੇ ਕਾਰਜ ਨੂੰ ਰਾਜਨੀਤਿਕ ਦੁਸ਼ਮਣੀ ਦੇ ਕਾਰਨ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਜਨਤਾ ਨੂੰ ਇਸ 'ਤੇ ਧਿਆਨ ਦੇਣਾ ਚਾਹੀਦਾ ਹੈ।

ਸ਼ਰਧਾਲ ਵੀ ਜ਼ਾਹਿਰ ਕਰ ਹੇ ਗੁੱਸਾ

ਮਹਾਕੁੰਭ ਵਿੱਚ ਕਰੋੜਾਂ ਸ਼ਰਧਾਲੂ ਤ੍ਰਿਵੇਣੀ ਸੰਗਮ ਵਿੱਚ ਇਸ਼ਨਾਨ ਕਰਨ ਲਈ ਪਹੁੰਚੇ ਹਨ, ਜਿੱਥੇ ਵੱਖ-ਵੱਖ ਸੰਸਥਾਵਾਂ ਅਤੇ ਸਮੂਹਾਂ ਵੱਲੋਂ ਮੁਫ਼ਤ ਅਤੇ ਸਸਤੇ ਰੇਟਾਂ 'ਤੇ ਖਾਣਾ ਉਪਲਬਧ ਕਰਵਾਉਣ ਲਈ ਕਈ ਭੰਡਾਰੇ ਲਾਏ ਗਏ ਹਨ।

ਇਸ ਦੌਰਾਨ ਖਾਣੇ ਵਿੱਚ ਰਾਖ ਮਿਲਾਉਣ ਦੀ ਘਟਨਾ ਨਾਲ ਸ਼ਰਧਾਲੂਆਂ ਵਿੱਚ ਗੁੱਸਾ ਫੈਲ ਗਿਆ ਹੈ। ਇਸ ਘਟਨਾ ਦਾ ਵੀਡੀਓ ਸਾਹਮਣੇ ਆਉਣ ਦੇ ਬਾਅਦ ਲੋਕਾਂ ਨੇ ਸੋਸ਼ਲ ਮੀਡੀਆ 'ਤੇ ਸਖਤ ਪ੍ਰਤੀਕ੍ਰਿਆ ਦਿੱਤੀ ਅਤੇ ਮੁਲਜ਼ਮ ਅਧਿਕਾਰੀ 'ਤੇ ਸਖਤ ਕਾਰਵਾਈ ਦੀ ਮੰਗ ਕੀਤੀ।

ਜੇ ਅਸੀਂ ਵਿਰੋਧ ਨਾ ਕੀਤਾ ਹੁੰਦਾ ਤਾਂ ਦਿੱਲੀ ਵਾਸੀ ਪਾਣੀ ਤੋਂ ਵਾਂਝੇ ਹੋ ਜਾਂਦੇ: ਕੇਜਰੀਵਾਲ

ਨਵੀਂ ਦਿੱਲੀ, 1 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸ਼ੁੱਕਰਵਾਰ ਨੂੰ ਚੋਣ ਕਮਿਸ਼ਨ ਦਫਤਰ ਪੁੱਜੇ ਅਤੇ ਦਾਅਵਾ ਕੀਤਾ ਕਿ ਜੇਕਰ 'ਆਪ' ਨੇ ਵਿਰੋਧ ਨਾ ਕੀਤਾ ਹੁੰਦਾ ਤਾਂ ਇਕ ਕਰੋੜ ਦਿੱਲੀ ਵਾਸੀ ਪਾਣੀ ਤੋਂ ਵਾਂਝੇ ਹੋ ਜਾਂਦੇ। ਉਨ੍ਹਾਂ ਪੱਖਪਾਤ ਦਾ ਦੋਸ਼ ਲਾਉਂਦਿਆਂ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਚੋਣ ਕਮਿਸ਼ਨ ਉਨ੍ਹਾਂ(ਕੇਜਰੀਵਾਲ) ਨੂੰ ਨਿਸ਼ਾਨਾ ਬਣਾ ਰਿਹਾ ਹੈ। ਕੇਜਰੀਵਾਲ ਨੇ ਕਿਹਾ, ਜੇ ਅਸੀਂ ਵਿਰੋਧ ਨਾ ਕੀਤਾ ਹੁੰਦਾ ਅਤੇ ਰੌਲਾ ਨਾ ਪਾਇਆ ਹੁੰਦਾ ਤਾਂ ਦਿੱਲੀ ਦੇ ਇੱਕ ਕਰੋੜ ਲੋਕਾਂ ਨੂੰ ਪਾਣੀ ਮਿਲਣਾ ਬੰਦ ਹੋ ਜਾਣਾ ਸੀ 539 ਨੇ ਮੈਨੂੰ ਨੋਟਿਸ ਭੇਜ ਕੇ ਪੁੱਛਿਆ ਹੈ ਕਿ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ। ਮੈਂ ਦਿੱਲੀ ਨੂੰ ਪਾਣੀ ਦੇ ਸੰਕਟ ਤੋਂ ਬਚਾਇਆ ਅਤੇ ਮੈਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।" "ਨਾਇਬ ਸੈਣੀ ਦੇ ਖ਼ਿਲਾਫ਼ ਕਾਰਵਾਈ ਕਰਨ ਦੀ ਬਜਾਏ ਚੋਣ ਕਮਿਸ਼ਨ ਮੇਰੇ ਪਿੱਛੇ ਹੈ ਚੋਣ ਵਾਲੇ ਰਾਜਾਂ ਦੇ ਗੁਆਂਢੀ ਰਾਜ ਪਾਣੀ ਰੋਕ ਕੇ ਚੋਣਾਂ ਨੂੰ ਪ੍ਰਭਾਵਿ

ਸਿੱਪੀ ਕਤਲ ਕੇਸ 'ਚ ਟ੍ਰਾਇਲ ਸ਼ੁਰੂ, ਗਵਾਹ ਦੇ ਬਿਆਨ ਹੋਏ ਦਰਜ

ਏਜੰਸੀਆਂ

ਚੰਡੀਗੜ੍ਹ 1 ਫਰਵਰੀ।ਮਸ਼ਹੂਰ ਸਿੱਪੀ ਸਿੱਧੂ ਕਤਲ ਕਾਂਡ 'ਚ ਸੋਮਵਾਰ ਨੂੰ ਕਰੀਬ 9 ਸਾਲਾਂ ਬਾਅਦ ਮੁਲਜ਼ਮ ਕਲਿਆਣੀ ਸਿੰਘ ਖ਼ਿਲਾਫ਼ ਕੇਸ ਦਾ ਟ੍ਰਾਇਲ ਸ਼ੁਰੂ ਹੋ ਗਿਆ ਹੈ। ਸੀ. ਬੀ. ਆਈ. ਦੀ ਵਿਸ਼ੇਸ਼

ਅਦਾਲਤ 'ਚ ਸੁਣਵਾਈ ਦੌਰਾਨ ਜਾਂਚ ਏਜੰਸੀ ਨੇ ਇੱਕ ਗਵਾਹ ਨੂੰ ਪੇਸ਼ ਕੀਤਾ। ਗਵਾਹ ਅਦਾਲਤ 'ਚ ਸੀ. ਬੀ.ਆਈ. ਦਿੱਤੇ ਬਿਆਨਾਂ ਨੂੰ ਹੀ ਦੁਹਰਾਉਂਦੇ ਹੋਏ ਪੁਰਾਣੀ ਸਟੇਟਮੈਂਟ 'ਤੇ ਕਾਇਮ ਰਿਹਾ। ਹੁਣ 12 ਜੁਲਾਈ ਨੂੰ ਮੁਲਜ਼ਮ ਕਲਿਆਣੀ ਦੇ ਵਕੀਲ ਗਵਾਹ ਦਾ ਕ੍ਰਾਸ ਐਗਜਾਮਿਨੇਸ਼ਨ ਕਰਨਗੇ। ਸੀ. ਬੀ. ਆਈ. ਨੇ ਮਾਮਲੇ 'ਚ ਕੁੱਲ 94 ਲੋਕਾਂ ਨੂੰ ਗਵਾਹ ਬਣਾਇਆ ਹੈ। ਕਰੀਬ 2 ਮਹੀਨੇ ਪਹਿਲਾਂ ਹੀ ਅਦਾਲਤ ਨੇ ਤੈਅ ਕਰ ਦਿੱਤਾ ਸੀ ਕਿ ਮੁਲਜ਼ਮ ਕਲਿਆਣੀ ਦੇ ਖ਼ਿਲਾਫ਼ ਕਤਲ, ਸਾਜ਼ਿਸ਼ ਰਚਣ ਅਤੇ ਸਬੂਤ ਮਿਟਾਉਣ ਦੀਆਂ ਧਾਰਾਵਾਂ ਤਹਿਤ ਕੇਸ ਚੱਲੇਗਾ। ਉੱਥੇ ਹੀ, ਟ੍ਰਾਈਲ ਨੂੰ ਲੈ ਕੇ ਸੋਮਵਾਰ ਨੂੰ ਅਦਾਲਤ ਵਿਚ ਸੁਰੱਖਿਆ ਵਿਵਸਥਾ ਦੇ ਵੀ ਇੰਤਜ਼ਾਮ ਕੀਤੇ ਗਏ ਸੀ। ਸੈਕਟਰ-27 ਦੀ ਪਾਰਕ 'ਚ ਕਰੀਬ 9 ਸਾਲ ਪਹਿਲਾਂ 20 ਸਤੰਬਰ 2015 ਨੂੰ ਨੈਸ਼ਨਲ ਸ਼ੂਟਰ ਅਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਵਕੀਲ ਸੁਖਮਨਪ੍ਰੀਤ ਸਿੰਘ ਉਰਫ ਸਿੱਪੀ ਸਿੱਧੂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਸੈਕਟਰ-26 ਥਾਣਾ ਪੁਲਸ ਨੇ ਅਣਪਛਾਤੇ ਖ਼ਿਲਾਫ ਕਤਲ ਸਮੇਤ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ ਪਰ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਕਤਲ ਕੇਸ ਨੂੰ ਸੁਲਝਾਉਣ 'ਚ ਨਾਕਾਮਯਾਬ ਸਾਬਤ ਹੋਈ ਸੀ। ਪੀੜਤ ਪਰਿਵਾਰ ਦੇ ਦੋਸਾਂ ਅਤੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਸਾਲ 2016 'ਚ ਕੇਸ ਸੀ. ਬੀ. ਆਈ. ਨੂੰ ਟਰਾਂਸਫਰ ਕਰ ਦਿੱਤਾ ਸੀ। ਸੀ. ਬੀ. ਆਈ. ਕੇਸ 'ਚ ਪੁੱਛ-ਪੜਤਾਲ ਕਰਦੀ ਰਹੀ ਪਰ 7 ਸਾਲ ਬੀਤ ਜਾਣ ਦੇ ਬਾਵਜੂਦ ਵੀ ਕਤਲ ਕੇਸ ਦਾ ਹੱਲ ਨਹੀਂ ਹੋਇਆ। ਸੀ. ਬੀ. ਆਈ. ਨੇ ਅਨਟ੍ਰੇਸ ਰਿਪੋਰਟ ਫਾਈਲ ਕਰ ਦਿੱਤੀ ਸੀ, ਪਰ ਜਾਂਚ ਜਾਰੀ ਰੱਖਦੇ ਹੋਏ ਜੂਨ 2022 ਵਿਚ ਕਲਿਆਣੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। 3 ਮਹੀਨੇ ਬਾਅਦ ਹੀ ਕਲਿਆਣੀ ਨੂੰ ਹਾਈਕੋਰਟ ਤੋਂ ਜ਼ਮਾਨਤ ਮਿਲ ਗਈ।

ਡੀ. ਆਈ. ਜੀ. ਬਾਰਡਰ ਰੇਂਜ ਨੇ ਪੁਲਸ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਫੈਸਲਾਕੁਨ ਲੜਾਈ

ਏਜੰਸੀਆਂ

ਗੁਰਦਾਸਪੁਰ 1 ਫਰਵਰੀ। ਬਾਰਡਰ ਰੇਂਜ ਅੰਮ੍ਰਿਤਸਰ ਦੇ ਡੀ. ਆਈ. ਜੀ. ਰਾਕੇਸ਼ ਕੌਸਲ ਨੇ ਅੱਜ ਐੱਸ. ਐੱਸ. ਪੀ. ਦਫਤਰ ਗੁਰਦਾਸਪੁਰ ਵਿਖੇ ਜ਼ਿਲ੍ਹਾ ਪ੍ਰਸ਼ਾਸਨ, ਪੰਜਾਬ ਪੁਲਸ ਦੇ ਅਧਿਕਾਰੀਆਂ, ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ, ਸਮਾਜ ਸੇਵੀ ਸੰਸਥਾਵਾਂ ਅਤੇ ਮੋਹਤਬਰਾਂ ਨਾਲ ਮੀਟਿੰਗ ਕਰ ਕੇ ਉਨ੍ਹਾਂ ਕੋਲੋਂ ਨਸ਼ਿਆਂ ਵਿਰੁੱਧ ਲੜੀ ਜਾ ਰਹੀ ਲੜਾਈ 'ਚ ਸਹਿਯੋਗ ਮੰਗਿਆ। ਇਸ ਮੀਟਿੰਗ 'ਚ ਡਿਪਟੀ ਕਮਿਸਨਰ ਵਿਸੇਸ ਸਾਰੰਗਲ, ਐੱਸ. ਐੱਸ. ਪੀ. ਹਰੀਸ ਦਾਯਮਾ ਤੋਂ ਇਲਾਵਾ ਹੋਰ ਪੁਲਸ ਅਧਿਕਾਰੀ ਵੀ ਹਾਜਰ ਸਨ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡੀ. ਆਈ. ਜੀ. ਬਾਰਡਰ ਰੇਂਜ ਰਾਕੇਸ ਕੌਸਲ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਪੰਜਾਬ ਪੁਲਸ ਸੂਬੇ 'ਚੋਂ ਨਸ਼ੇ ਨੂੰ ਖਤਮ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਫੈਸਲਾਕੁਨ ਲੜਾਈ ਸ਼ੁਰੂ ਕੀਤੀ ਗਈ ਹੈ, ਜਿਸ 'ਚ ਸਮਾਜ ਦੇ ਹਰ ਵਰਗ ਦਾ ਸਾਥ ਬੇਹੱਦ ਜਰੂਰੀ ਹੈ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਨਸਾ ਸਮੱਗਲਰਾਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਬਾਰਡਰ ਰੇਂਜ 'ਚ ਬੀਤੇ ਇਕ ਸਾਲ 'ਚ ਨਸਾ ਸਮੱਗਲਰਾਂ ਦੀ 30 ਕਰੋੜ ਤੋਂ ਵੱਧ ਦੀ ਜਾਇਦਾਦ ਜਬਤ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਮਾਮਲੇ 'ਚ ਪੁਲਸ ਵੱਲੋਂ ਕੋਈ ਢਿੱਲ ਨਹੀਂ ਵਰਤੀ ਜਾਵੇਗੀ ਅਤੇ ਦੋਸੀਆਂ ਨੂੰ ਜੇਲ੍ਹ ਅੰਦਰ ਡੱਕਿਆ ਜਾ ਰਿਹਾ ਹੈ।

ਡੀ. ਆਈ. ਜੀ. ਨੇ ਕਿਹਾ ਕਿ ਸਰਹੱਦ ਪਾਰੋਂ ਡਰੋਨ ਰਾਹੀਂ ਹੁੰਦੀ ਨਸੇ ਦੀ ਸਮੱਗਲਿੰਗ ਨੂੰ ਰੋਕਣ ਲਈ ਵੀ ਪੁਲਸ ਵੱਲੋਂ ਬੀ. ਐੱਸ. ਐੱਫ. ਨਾਲ ਮਿਲ ਕੇ ਪੂਰੀ ਚੌਕਸੀ ਵਰਤੀ ਜਾ ਰਹੀ ਹੈ। ਉਨ੍ਹਾਂ ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਹ ਡਰੋਨ ਗਤੀਵਿਧੀਆਂ ਉੱਪਰ ਵੀ ਆਪਣੀ ਨਜਰ ਰੱਖਣ ਅਤੇ ਕੋਈ ਵੀ ਸੂਚਨਾ ਤੁਰੰਤ ਪੰਜਾਬ ਪੁਲਸ ਨੂੰ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਨਸੇ ਦੀ ਖੇਪ ਫੜਾਉਣ ਵਾਲੇ ਵਿਅਕਤੀ ਨੂੰ ਵਿਸੇਸ ਇਨਾਮ ਵੀ ਦਿੱਤਾ ਜਾਵੇਗਾ। ਉਨ੍ਹਾਂ ਲੋਕਾਂ ਨੂੰ ਪੁਲਸ ਦੀਆਂ ਅੱਖਾਂ, ਨੱਕ ਅਤੇ ਕੰਨ ਬਣਨ ਦਾ ਸੱਦਾ ਵੀ ਦਿੱਤਾ। ਉਨ੍ਹਾਂ ਪੁਲਸ ਅਧਿਕਾਰੀਆਂ ਨੂੰ ਵੀ ਕਿਹਾ ਕਿ ਉਹ ਨਸੇ ਸਬੰਧੀ ਆਈ ਸੂਚਨਾ ਉੱਪਰ ਤੁਰੰਤ ਕਾਰਵਾਈ ਕਰਨ ਅਤੇ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਮ-ਪਤਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਪੁਲਸ ਅਧਿਕਾਰੀ ਜਾਂ ਕਰਮਚਾਰੀ ਦੀ ਨਸੇ ਦੇ ਕੇਸਾਂ ਸਬੰਧੀ ਕਾਰਗੁਜਾਰੀ ਢਿੱਲੀ ਪਾਈ ਗਈ ਤਾਂ ਉਸ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਡਿਪਟੀ ਕਮਿਸਨਰ ਵਿਸੇਸ ਸਾਰੰਗਲ ਨੇ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਵੀ ਪੰਜਾਬੀ ਪੂਰੇ ਜਜਬੇ ਤੇ ਜੋਸ ਨਾਲ ਸਰਕਾਰ ਦਾ ਸਾਥ ਦੇਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਨਸੇ ਦੀ ਗ੍ਰਿਫਤ 'ਚ ਆਏ ਵਿਅਕਤੀਆਂ ਦਾ ਮੁਫਤ ਇਲਾਜ ਕੀਤਾ ਜਾ ਰਿਹਾ ਹੈ, ਉਥੇ ਇਨ੍ਹਾਂ ਨੌਜਵਾਨਾਂ ਦੇ ਪੁਨਰਵਾਸ ਵੱਲ ਵੀ ਵਿਸੇਸ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲਾ ਪ੍ਰਸ਼ਾਸਨ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਨਸ਼ਿਆਂ ਤੋਂ ਬਚਨ ਲਈ ਵਿਸੇਸ ਜਾਗਰੂਕਤਾ ਮੁਹਿੰਮ ਚਲਾਏਗਾ। ਇਸ ਮੌਕੇ ਐੱਸ. ਐੱਸ. ਪੀ. ਗੁਰਦਾਸਪੁਰ ਹਰੀਸ ਦਾਯਮਾ ਨੇ ਕਿਹਾ ਕਿ ਗੁਰਦਾਸਪੁਰ ਪੁਲਸ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਪਿਛਲੇ ਇੱਕ ਸਾਲ ਤੋਂ "ਮਿਸਨ ਨਿਸਚੇ" ਚਲਾਇਆ ਜਾ ਰਿਹਾ ਹੈ ਜਿਸ ਤਹਿਤ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਜਲਦੀ ਹੀ ਮਿਸਨ ਨਿਸਚੇ ਤਹਿਤ ਸਰਹੱਦੀ ਪਿੰਡਾਂ 'ਚ ਫਿਰ ਖੇਡ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਪੁਲਸ ਵੱਲੋਂ ਨਸ਼ਿਆਂ ਦੀ ਸੂਚਨਾ ਦੇਣ ਲਈ ਇਕ ਹੈਲਪ ਲਾਈਨ ਨੰਬਰ 78145-45950 ਚਲਾਇਆ ਜਾ ਰਿਹਾ ਹੈ, ਜਿਸ ਉੱਪਰ ਕੋਈ ਵੀ ਵਿਅਕਤੀ ਸੂਚਨਾ ਦੇ ਸਕਦਾ ਹੈ।

ਸਟੇਡੀਅਮ ਦੇ ਬਾਹਰ ਖੜ੍ਹੇ ਭੈਣ-ਭਰਾ 'ਤੇ ਨੌਜਵਾਨ ਨੇ ਸੁੱਟਿਆ ਤੇਜਾਬ

ਲਖਨਊ 1 ਫਰਵਰੀ। ਰਾਜਧਾਨੀ ਲਖਨਊ ਦੇ ਚੌਕ ਇਲਾਕੇ 'ਚ ਬੁੱਧਵਾਰ ਨੂੰ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਇਕ ਨੌਜਵਾਨ ਨੇ ਸਟੇਡੀਅਮ ਦੇ ਸਾਹਮਣੇ ਖੜ੍ਹੀ ਇਕ ਕੁੜੀ ਅਤੇ ਉਸ ਦੇ ਭਰਾ 'ਤੇ ਤੇਜਾਬ ਸੁੱਟ ਦਿੱਤਾ। ਇਸ ਘਟਨਾ 'ਚ ਦੋਵੇਂ ਜਖਮੀ ਹੋ ਗਏ। ਡਿਪਟੀ ਕਮਿਸਨਰ ਆਫ ਪੁਲਸ (ਪੱਛਮੀ) ਦੁਰਗੇਸ ਕੁਮਾਰ ਨੇ ਦੱਸਿਆ ਕਿ ਬੁੱਧਵਾਰ ਸਵੇਰੇ ਸਾਢੇ ਅੱਠ ਵਜੇ ਸਆਦਤਗੰਜ ਦੀ ਰਹਿਣ ਵਾਲੀ 21 ਸਾਲਾ ਲੜਕੀ ਆਪਣੇ ਭਰਾ ਨਾਲ ਚੌਕ ਥਾਣਾ ਖੇਤਰ ਵਿੱਚ ਸਥਿਤ ਸਟੇਡੀਅਮ ਦੇ ਸਾਹਮਣੇ ਕਿਤੇ ਜਾਣ ਲਈ ਖੜ੍ਹੀ ਸੀ। ਇਸ ਦੌਰਾਨ ਅਣਪਛਾਤੇ ਨੌਜਵਾਨ ਨੇ ਦੋਵਾਂ 'ਤੇ ਤੇਜਾਬ ਸੁੱਟ ਦਿੱਤਾ। ਉਨ੍ਹਾਂ ਦੱਸਿਆ ਕਿ ਇਸ ਘਟਨਾ ਵਿੱਚ ਲੜਕੀ ਅਤੇ ਉਸ ਦਾ ਭਰਾ ਜਖਮੀ ਹੋ ਗਏ ਅਤੇ ਦੋਵਾਂ ਨੂੰ ਕਿੰਗ ਜਾਰਜ ਮੈਡੀਕਲ ਯੂਨੀਵਰਸਿਟੀ ਦੇ ਟਰਾਮਾ ਸੈਂਟਰ ਵਿੱਚ ਦਾਖਲ ਕਰਵਾਇਆ ਗਿਆ ਹੈ ਅਤੇ ਉਨ੍ਹਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਮੁਲਜਮਾਂ ਨੂੰ ਫੜਨ ਲਈ ਤਿੰਨ ਟੀਮਾਂ ਬਣਾਈਆਂ ਗਈਆਂ ਹਨ ਅਤੇ ਸੀਸੀਟੀਵੀ ਫੁਟੇਜ ਦੇਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਮੁਲਜਮਾਂ ਦਾ ਪਤਾ ਲਗਾ ਕੇ ਗ੍ਰਿਫਤਾਰ ਕਰ ਲਿਆ ਜਾਵੇਗਾ। ਪਰਿਵਾਰਕ ਮੈਂਬਰਾਂ ਮੁਤਾਬਕ ਲੜਕੀ ਆਪਣੇ ਭਰਾ ਨਾਲ ਮੈਡੀਕਲ ਕਾਲਜ ਜਾਣ ਲਈ ਸਟੇਡੀਅਮ ਨੇੜੇ ਆਟੋਰਿਕਸਾ ਤੋਂ ਉਤਰੀ ਸੀ ਕਿ ਇਕ ਨੌਜਵਾਨ ਨੇ ਦੋਵਾਂ 'ਤੇ ਤੇਜਾਬ ਸੁੱਟ ਦਿੱਤਾ।

ਕੁੜੀ ਨੇ ਗੱਲਬਾਤ ਕਰਨ ਤੋਂ ਕੀਤੀ ਨਾਂਹ, ਨੌਜਵਾਨ ਨੇ ਸਰੇਆਮ ਚਾਕੂ ਮਾਰ ਕਰ ਦਿੱਤਾ ਕਤਲ

ਜਬਲਪੁਰ 1 ਫਰਵਰੀ। ਮੱਧ ਪ੍ਰਦੇਸ ਦੇ ਜਬਲਪੁਰ 'ਚ ਇਕ ਵਿਅਕਤੀ ਵਲੋਂ ਕਥਿਤ ਤੌਰ 'ਤੇ ਗੱਲਬਾਤ ਨਾ ਕਰਨ ਦੇ ਦੋਸ਼ ਹੇਠ 17 ਸਾਲ ਦੀ ਇਕ ਕੁੜੀ ਦਾ ਸਰੇਆਮ ਚਾਕੂ ਮਾਰ ਕੇ ਕਤਲ ਕਰ ਦੇਣ ਦੀ ਸੂਚਨਾ ਮਿਲੀ ਹੈ। ਕਤਲ ਦੀ ਇਸ ਵਾਰਦਾਤ ਦੀ ਜਾਣਕਾਰੀ ਪੁਲਸ ਨੇ ਮੰਗਲਵਾਰ ਨੂੰ ਦਿੱਤੀ। ਮਿਲੀ ਜਾਣਕਾਰੀ ਅਨੁਸਾਰ ਇਹ ਘਟਨਾ ਸੋਮਵਾਰ ਸਾਮ ਨੂੰ ਓਮਾਤੀ ਇਲਾਕੇ 'ਚ ਵਾਪਰੀ ਹੈ, ਜਿਸ ਦਾ ਵੀਡੀਓ ਮੰਗਲਵਾਰ ਸੋਸਲ ਮੀਡੀਆ 'ਤੇ ਵਾਇਰਲ ਹੋਇਆ। ਮੁਲਜਮ ਫਰਾਰ ਦੱਸਿਆ ਜਾ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਪੁਲਸ ਦੇ ਸੁਪਰਡੈਂਟ ਰਾਜੇਸ ਕੁਮਾਰ ਰਾਠੌਰ ਨੇ ਕਿਹਾ ਕਿ ਗੁਰਫਾਨ (20) ਨਾਂ ਦੇ ਨੌਜਵਾਨ ਨੇ ਤਮੰਨਾ 'ਤੇ ਚਾਕੂ ਨਾਲ ਕਈ ਵਾਰ ਕੀਤੇ। ਕੁੜੀ ਨੂੰ ਸਰਕਾਰੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਅਧਿਕਾਰੀ ਨੇ ਦੱਸਿਆ ਕਿ ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਕੁੜੀ ਮੁਲਜਮ ਨੂੰ ਜਾਣਦੀ ਸੀ ਪਰ ਕੁਝ ਸਮੇ ਤੋਂ ਉਸ ਨੇ ਮੁਲਜਮ ਨਾਲ ਗੱਲ ਕਰਨੀ ਬੰਦ ਕਰ ਦਿੱਤੀ ਸੀ। ਘਟਨਾ ਦੀ ਵੀਡੀਓ 'ਚ ਰਾਹਗੀਰ ਹਮਲਾਵਰ ਨੂੰ ਫੜਨ ਦੀ ਕੋਸ਼ਿਸ਼ ਕਰਦੇ ਨਜਰ ਆਉਂਦੇ ਹਨ।

ਨੈਸ਼ਨਲ ਹਾਈਵੇਅ 'ਤੇ ਲੱਗੇ ਹਾਈਟੈੱਕ ਨਾਕੇ 'ਤੇ 4 ਨੌਜਵਾਨ ਚਰਸ ਨਾਲ ਕਾਬੂ

ਦੀਨਾਨਗਰ 1 ਫਰਵਰੀ। ਦੀਨਾਨਗਰ ਪੁਲਸ ਵੱਲੋਂ ਹਾਈਟੈੱਕ ਨਾਕੇ ਨੇੜੇ ਸੁਗਰ ਮਿੱਲ ਨੇੜੇ ਆਉਣ ਜਾਣ ਵਾਲੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਅਤੇ ਗੁਪਤ ਸੂਚਨਾ ਦੇ ਆਧਾਰ 'ਤੇ ਪੁਲਸ ਵੱਲੋਂ ਇਕ ਪਠਾਨਕੋਟ ਵਾਲੀ ਸਾਈਡ ਤੋਂ ਗੱਡੀ ਆ ਰਹੀ ਸਵਿਫਟ ਕਾਰ ਨੂੰ ਰੋਕ ਕੇ ਤਲਾਸੀ ਲਈ ਗਈ ਤਾਂ ਉਸ ਵਿੱਚੋਂ 401 ਗ੍ਰਾਮ ਚਰਸ ਸਮੇਤ 25 ਹਜਾਰ ਰੁਪਏ ਦੀ ਡਰੱਗ ਮਨੀ ਨਾਲ ਚਾਰ ਨੌਜਵਾਨਾਂ ਨੂੰ ਮੌਕੇ 'ਤੇ ਕਾਬੂ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ. ਦੀਨਾਨਗਰ ਸੁਖਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਸਬ ਇੰਸਪੈਕਟਰ ਬਲਕਾਰ ਸਿੰਘ ਨੇ ਸਮੇਤ ਪੁਲਸ ਪਾਰਟੀ ਸੁਗਰ ਮਿੱਲ ਨੈਸ਼ਨਲ ਹਾਈਵੇਅ ਵਿਖੇ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਕਰ ਰਹੇ ਸੀ। ਇਸ ਦੌਰਾਨ ਇਕ ਕਾਰ ਸਵਿਫਟ ਪਠਾਨਕੋਟ ਸਾਈਡ ਵੱਲੋਂ ਆਈ ਜੋ ਕਾਰ ਚਾਲਕ ਪੁਲਸ ਨਾਕਾਬੰਦੀ ਨੂੰ ਦੇਖ ਕੇ ਕਾਰ ਹੌਲੀ ਕਰਕੇ ਪਿੱਛੇ ਨੂੰ ਮੋੜਨ ਲੱਗਾ ਸੀ। ਪੁਲਸ ਪਾਰਟੀ ਨੇ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਕਾਰ ਦੀ ਤਲਾਸੀ ਲਈ ਤਾਂ ਕਾਰ ਦੇ ਡੈਸ ਬੋਰਡ ਵਿਚੋਂ 401 ਗ੍ਰਾਮ ਚਰਸ ਅਤੇ 25 ਹਜਾਰ ਰੁਪਏ ਦੀ ਡਰੱਗ ਮਨੀ ਬਰਾਮਦ ਹੋਈ। ਪੁਲਸ ਨੇ ਜਾਂਚ ਪੜਤਾਲ ਕਰਨ ਉਪਰੰਤ ਸੋਨੂੰ ਸਿੰਘ ਪੁੱਤਰ ਨਰਿੰਦਰ ਸਿੰਘ ਵਾਸੀ ਜਗਤਪੁਰ ਝਬਾਲ, ਤਰਨ ਤਾਰਨ, ਮੰਗਲ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਸ਼ੰਗਣਾ ਚਾਟੀ ਵਿੰਡ ਅੰਮ੍ਰਿਤਸਰ ,ਬਲਰਾਜ ਸਿੰਘ ਪੁੱਤਰ ਮੱਸਾ ਸਿੰਘ ਵਾਸੀ ਛੇਹਰਾਟਾ, ਜੋਬਨਜੋਤ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਚੀਜਾ ਥਾਣਾ ਘਰਿੰਡਾ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ।

ਉਪ ਰਾਜਪਾਲ ਦੇ ਨਿਰਦੇਸਾਂ ਤੋਂ ਬਾਅਦ 5 ਹਜਾਰ ਸਕੂਲ ਅਧਿਆਪਕਾਂ ਦੇ ਤਬਾਦਲੇ ਦੇ ਹੁਕਮ ਮੁਲਤਵੀ

ਕਿਸ਼ਨ ਪਾਲ

ਨਵੀਂ ਦਿੱਲੀ 1 ਫਰਵਰੀ। ਦਿੱਲੀ ਸਰਕਾਰ ਨੇ ਉਪ ਰਾਜਪਾਲ ਵੀਕੇ ਸਕਸੈਨਾ ਦੇ ਹੁਕਮਾਂ 'ਤੇ ਕਾਰਵਾਈ ਕਰਦਿਆਂ ਸੋਮਵਾਰ ਨੂੰ ਪੰਜ ਹਜਾਰ ਸਕੂਲ ਅਧਿਆਪਕਾਂ ਦੇ ਤਬਾਦਲੇ ਦੇ ਹੁਕਮਾਂ ਨੂੰ ਕੁਝ ਸਮੇਂ ਲਈ ਟਾਲ ਦਿੱਤਾ। ਇਹ ਅਧਿਆਪਕ 10 ਸਾਲ ਤੋਂ ਵੱਧ ਸਮੇਂ ਤੋਂ ਇਕ ਹੀ ਸਕੂਲ ਵਿੱਚ ਤਾਇਨਾਤ ਹਨ। ਸਕਸੈਨਾ ਨੇ ਐਤਵਾਰ ਨੂੰ ਮੁੱਖ ਸਕੱਤਰ ਨਰੇਸ ਕੁਮਾਰ ਨੂੰ ਤਬਾਦਲੇ ਦੇ ਹੁਕਮ ਨੂੰ ਕੁਝ ਸਮੇਂ ਲਈ ਮੁਲਤਵੀ ਕਰਨ ਦੇ ਨਿਰਦੇਸ ਦਿੱਤੇ। ਇਹ ਤਬਾਦਲਾ ਹੁਕਮ ਪਿਛਲੇ ਹਫਤੇ ਜਾਰੀ ਕੀਤਾ ਗਿਆ ਸੀ। ਉਪ ਰਾਜਪਾਲ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਦਿੱਲੀ ਇਕਾਈ ਦੇ ਆਗੂਆਂ ਅਤੇ ਅਧਿਆਪਕਾਂ ਦੇ ਵਫਦ ਨਾਲ ਮੁਲਾਕਾਤ ਕਰਨ ਤੋਂ ਬਾਅਦ ਅੰਤਰਿਮ ਉਪਾਅ ਵਜੋਂ ਤਬਾਦਲੇ ਦੇ ਹੁਕਮ ਨੂੰ ਕੁਝ ਸਮੇਂ ਲਈ ਟਾਲਣ ਦੇ ਨਿਰਦੇਸ ਦਿੱਤੇ। ਇੱਥੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਦਿੱਲੀ ਦੇ ਸਿੱਖਿਆ ਮੰਤਰੀ ਨੇ ਤਬਾਦਲੇ ਦੇ ਹੁਕਮ ਪਿੱਛੇ ਭਾਜਪਾ ਦੀ ਸਾਜ਼ਿਸ਼ ਦਾ ਦੋਸ਼ ਲਾਇਆ। ਉਨ੍ਹਾਂ ਨੇ ਹੁਕਮ ਵਾਪਸ ਲੈਣ ਲਈ

ਦਿੱਲੀ ਦੇ ਲੋਕਾਂ ਨੂੰ ਵੀ ਵਧਾਈ ਦਿੱਤੀ। ਸਿੱਖਿਆ ਵਿਭਾਗ ਨੇ ਇੱਕ ਅਧਿਕਾਰਤ ਹੁਕਮ ਵਿੱਚ ਕਿਹਾ ਕਿ ਸਿੱਖਿਆ ਡਾਇਰੈਕਟੋਰੇਟ ਵੱਲੋਂ ਜਾਰੀ